Ghadara dī gūñja

3 1761 03570 9641

PK
2656
G44
v.2

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Ghadar di Gunj

# ਗ਼ਦਰ ਦੀ ਗੂੰਜ

## ਨੰ: ੨

## ਦੇਸ਼ ਭਗਤਾਂ ਦੀ ਬਾਣੀ

Editor: Hindustan Gadar

Series: Ghadar Party di pustkan di lari



LIBRARY
NOV 11 1976
UNIVERSITY OF TORONTO

ਸਨ: ੧੯੧੬

ਗਦਰ ਪਾਰਟੀ ਦੀ ਪੁਸਤਕਾਂ ਦੀ ਲੜੀ

ਨੰ: ੫

ਐਡੀਟਰ ਹਿੰਦੋਸਤਾਨ ਗਦਰ ਦੇ ਪ੍ਰਬੰਧ ਨਾਲ ਹਿੰਦੋਸਤਾਨ ਗਦਰ, ਪ੍ਰੈਸ ਸਾਨ ਫਰਾਂਸਿਸਕੋ, ਅਮਰੀਕਾ ਵਿਚੋਂ ਛਪਕੇ ਹਰਇਕ ਭਾਈ ਕੋ ਮੁਫਤ ਭੇਜੀ ਜਾਂਦੀ ਹੈ. .... ਮਿਲਨੇ ਦਾ ਪਤਾ

THE EDITOR "HINDUSTAN GADAR" SAN FRANCISCO, CAL. U. S. A.

ਪਹਿਲੀ ਵਾਰ ................ ੧੧੦੦੦, ਪੁਸਤਕ

Sri Satguru Jagjit Singh Ji eLibrary NamdhariElibrary@gmail.com

PK
2656
G44
v.2

# ਬੰਦੇ ਮਾਤ੍ਰਮ

## ਤੁਮ ਕਿਸ ਕੇ ਪੂਤ ਕਹਾਤੇ ਹੋ ! ਕਿਸ ਨਾਮ ਸੇ ਜਾਨੇ ਜਾਤੇ ਹੋ

ਕਹਾਂ ਜਨਮ ਔਰ ਰਖਸ਼ਾ ਪਾਈ ਹੈ   ਕਹੋ ਕੌਣ ਤੁਮਾਰੀ ਮਾਈ ਹੈ<br>
ਏਹ ਕੈਸੀ ਗਫਲਤ ਛਾਈ ਹੈ   ਮਾਤਾ ਸੇ ਜਾਨ ਚੁਰਾਤੇ ਹੋ   ਤੁਮ „<br>
ਯਾ ਹਿੰਦੂ ਹੋ ਯਾ ਮੁਸਲਮਾਨ   ਯਾ ਰਖਤੇ ਹੋ ਦੀਗ੍ਰ ਈਮਾਨ<br>
ਯਾ ਮੁਫਲਸ ਹੋ ਯਾ ਸੁਲਤਾਨ   ਜਗ ਮੇਂ ਹਿੰਦੀ ਕਹਾਤੇ ਹੋ   ਤੁਮ „<br>
ਗੋਰੋਂ ਸੇ ਬੋਹੁਤ ਨਿਮਰਤਾਈ   ਭਾਈਓਂ ਸੇ ਹੋ ਗੁਮਰਾਹੀ<br>
ਏਹ ਸਜ਼ਾ ਖੁਸ਼ਾਮਦ ਕੀ ਪਾਈ   ਤੁਮ ਕਿਸ ਕੇ ਪੂਤ ਕਹਾਤੇ ਹੋ   ਤੁਮ „<br>
ਵੋਹ ਧੰਨ ਦੌਲਤ ਔਰ ਸ਼ਾਨ ਕਹਾਂ   ਵੋਹ ਬਹਾਦ੍ਰੀ ਔਰ ਗਿਆਨ ਕਹਾਂ<br>
ਵੋਹ ਆਨ ਬਾਨ ਔਰ ਮਾਨ ਕਹਾਂ   ਜਗ ਦੇਖ ਨਹੀਂ ਸ਼ਰਮਾਤੇ ਹੋ   ਤੁਮ „<br>
ਜੋ ਅੰਨਦਾਤ ਕਹਲਾਤੇ ਹੈਂ   ਵੋਹ ਅੰਨ ਤੁਮਾਰਾ ਖਾਤੇ ਹੈਂ<br>
ਫਿਰ ਜੰਗਲੀ ਤੁਝੇ ਬਤਾਤੇ ਹੈਂ   ਤੁਮ ਗੈਰਤ ਕੁਛ ਨਹੀਂ ਖਾਤੇ ਹੋ,   ਤੁਮ „<br>
ਜੂਤੇ ਕੀ ਠੋਕਰ ਦੇਤੇ ਹੈਂ   ਔਰ ਜਾਨ ਤੁਮਾਰੀ ਲੇਤੇ ਹੈਂ<br>
ਕਹੀਂ ਅਬਲਾ ਭ੍ਰਿਸ਼ਟ ਕਰਤੇ ਹੈਂ   ਤੁਮ ਅੰਧੇ ਕਿਉਂ ਬਨ ਜਾਤੇ ਹੋ,   ਤੁਮ „<br>
ਵੋਹ ਦੇਸ਼ ਤੁਮਾਰਾ ਲੂਟੇ ਹੈਂ   ਜੋ ਦੁਨੀਆਂ ਭਰ ਕੇ ਝੂਟੇ ਹੈਂ<br>
ਕਿਆ ਹਾਥ ਤੁਮਾਰੇ ਟੂਟੇ ਹੈਂ   ਜੋ ਭੀਖ ਮਾਂਗਨੇ ਜਾਤੇ ਹੋ   ਤੁਮ „<br>
ਜੋ ਬੀਰ ਭੂਮੀ ਕੈਹਲਾਈ ਹੈ   ਇਤਹਾਸ ਮੇਂ ਸਭ ਨੇ ਗਾਈ ਹੈ<br>
ਭਾਰਤ ਵੋਹ ਤੁਮਾਰੀ ਮਾਈ ਹੈ   ਤੁਮ ਪੂਤ ਕਪੂਤ ਕੈਹਲਾਤੇ ਹੋ   ਤੁਮ „<br>
ਇਸ ਜੀਨੇ ਸੇ ਤੋ ਮਰ ਜਾਓ   ਦੁਨੀਆਂ ਕੋ ਮੂੰਹ ਮਤ ਦਖਲਾਓ<br>
ਪਕੋੜੇ ਹਿੰਮਤ ਕੁਛ ਕਰ ਜਾਓ   ਤੁਮ ਭਾਰਤ ਪੂਤ ਕੈਹਲਾਤੇ ਹੋ   ਤੁਮ „<br>
ਤੁਮ ਭੂਲ ਗਏ ਹੋ ਅਪਨੇ ਕੋ   ਜਾਗੋ ਛੋੜੋ ਇਸ ਸੁਫਨੇ ਕੋ<br>
ਬੰਦੇ ਮਾਤ੍ਰਮ ਕੌਖੋ ਜਪਨੇ ਕੋ   ਦੇਖੋ ਫਿਰ ਜੈ ਕੋ ਪਾਤੇ ਹੋ   ਤੁਮ „<br>
ਜ਼ਹਰੀਲੇ ਕਾਲੇ ਬਨ ਜਾਓ   ਔਰ ਇਨ ਗੋਰੋਂ ਕੋ ਡਸ ਖਾਓ<br>
ਕਾਲਾ ਪਨ ਆਪਨਾ ਦਖਲਾਓ   ਹੁਣ ਕਿਓਂ ਦੇਰ ਲਗਾਤੇ ਹੋ,<br>
ਤੁਮ ਕਿਸ ਕੇ ਪੂਤ ਕਹਾਤੇ ਹੋ   ਕਿਸ ਨਾਮ ਸੇ ਜਾਨੇ ਜਾਤੇ ਹੋ,

---

Sri Satguru Jagjit Singh Ji eLibrary   NamdhariElibrary@gmail.com

# ਭਾਰਤ ਮਾਤਾ ਦੀ ਪੁਕਾਰ

## ਪੈਂਤੀਸ ਅਖਰੀ

ੳ ਉੱਠ ਮਨਾ ਜ਼ਰਾ ਸੋਚ ਕਰੀਏ । ਕਾਹਨੂੰ ਪੈਰਿਹਾ ਲੰਮੀਆਂ ਤਾਨ ਕੇ ਤੂੰ "
ਜਿਸਦੀ ਗੋਦ ਥੀਂ ਜਨਮਿਆ ਜਾਇਆ ਤੂੰ ਕੀਤੀ ਭੁੱਲ ਬੈਠਾ ਕਿਸ ਗੁਮਾਨ ਤੇ ਤੂੰ "
ਜਿਸਨੇ ਪਾਲਕੇ ਔਰ ਜਵਾਨ ਕੀਤਾ ਮੌਜਾਂ ਮਾਣੀਆਂ ਜਿਸਦੀ ਜਾਨ ਤੇ ਤੂੰ "
ਰੋਵੇ ਭਾਰਤ ਮਾਤਾ ਬੁਰੇ ਹਾਲ ਅੰਦਰ ਅੱਖੀਂ ਮੀਟਦਾ ਕਿਉਂ ਹੁਣ ਪਛਾਣ ਕੇ ਤੂੰ "
ਅ ਆ ਗਿਆ ਈ ਹੁਣ ਵਕਤ ਸਿਰ ਤੇ । ਜਿਸ ਵਕਤ ਖਾਤਰ ਤੈਨੂੰ ਪਾਲਿਆ ਸੂ "
ਹੁਣ ਪੁੱਛਣਾ ਈ ਇਮਤਿਹਾਨ ਤੇਰਾ । ਭਾਰਤ ਮਾਤ ਜੋ ਸਬਕ ਸਿਖਾਲਿਆ ਸੂ "
ਕੀਤਾ ਯਾਦ ਨਾਂ ਹੁਣ ਪਏ ਝੁਰਦੇ ਹਾਂ । ਐਵੇਂ ਖੇਡ ਕੇ ਵਕਤ ਗਵਾ ਲਿਆ ਸੂ "
ਮਾਤਾ ਕੂਕਦੀ ਬੱਚੜਿਓ ਉੱਠ ਬੈਠੋ । ਤਾਹੀਂ ਬਚੋਗੇ ਜੇ ਸਬਕ ਪਕਾ ਲਿਆ ਸੂ "
ੲ ਇੱਕ ਭੀ ਨਹੀਂ ਮੇਰੀ ਗੱਲ ਮੰਨੀ । ਬਾਰ ਬਾਰ ਕੈਹ ਕੇ ਸਮਝਾਇਆ ਮੈਂ "
ਏਸ ਲਈ ਸੱਤਵੰਜਾ [੧੮੫੭] ਦਾ ਗਦਰ ਕੀਤਾ ਸ਼ੋਰੋ ਸੁੱਤਿਓ ਤੁਸਾਂ ਜਗਾਇਆ ਮੈਂ "
ਵੇਲਾ ਖੁੰਝ ਗਏ ਉਨੀ ਸੌ ਸੱਤ ਵਾਲਾ ਭਾਵੇਂ ਕੂਕ ਕੇ ਬਹੁਤ ਰੌਲਾ ਪਾਇਆ ਮੈਂ "
ਵੀਰੋ ਆਇਆ ਸਤਾਰਾ [੧੯੧੭] ਨਾਂ ਜਾਵੇ ਖਾਲੀ । ਮਾਤਾ ਆਖਰੀ ਵਾਸਤਾ ਪਾਇਆ ਮੈਂ "
ਸ ਸਖਤ ਤੇ ਸਖਤ ਅਜ਼ਾਬ ਝੱਲੇ । ਦੁੱਖਾਂ ਵਿੱਚ ਮੈਂ ਤੁਸਾਂ ਨੂੰ ਪਾਲਿਆ ਈ "
ਗਿਦੜ ਖਾ ਗਏ ਖੇਤ ਹਰੂੰਡ ਮੇਰਾ । ਰਾਖੀ ਜਿਸਦੀ ਤੁਸਾਂ ਬਠਾਲਿਆ ਈ "
ਐਵੇਂ ਪੀ ਕੇ ਦੁੱਧ ਹਰਾਮ ਕੀਤਾ । ਨਾਮ ਵਡਿਆਂ ਦੇ ਤਾਈਂ ਗਾਲਿਆ ਈ "
ਮੇਰੇ ਬੱਚੜਿਓ ਆ ਲਵੋ ਸਾਰ ਮੇਰੀ ਮਾਤ ਰੋਇ ਕੇ ਨੀਰ ਬਹਾ ਲਿਆ ਈ "
ਹ ਹਾਲ ਹੋਇਆ ਮੇਰਾ ਅਤ ਭੈੜਾ । ਕਿਹਾ ਪਿਆ ਬਦ ਤੁਖਮ ਥੀਂ ਵਾਹ ਮੈਨੂੰ "
ਕੁੱਛੜ ਬੈਠ ਫਰੰਗ ਨੇ ਦਗ਼ਾ ਕੀਤਾ ਮਾਰੀ ਛੁਰੀ ਸੀਨੇ ਕੀਤਾ ਘਾਹ ਮੈਨੂੰ "
ਮੇਰੇ ਲਾਡਲੇ ਪਾੜ ਬਰਬਾਦ ਕੀਤੇ । ਲੱਗਾ ਜਿਗਰ ਜੁਦਾਈ ਦਾ ਦਾਹ ਮੈਨੂੰ "
ਰੱਬਾ ਬਾਝ ਕਰਾਰਿਆਂ ਕਰੇ ਮਾਤਾ । ਮੁਸ਼ਕਲ ਆਂਵਦੀ ਸੁਖਾਂ ਦਾ ਸਾਹ ਮੈਨੂੰ "
ਕ ਕੈਹਰ ਕੀਤਾ ਏਨਾਂ ਜ਼ਾਲਮਾਂ ਨੇ । ਲਿਆ ਲੁੱਟ ਮੈਨੂੰ ਕੂੜ ਛੜਿਆ ਨਾਂ "
ਮੂੰਹ ਬੰਦ ਕੀਤਾ ਮੇਰਾ ਬੋਲਣੇ ਤੇ । ਗੁੜ੍ਹੀ ਮਾਰ ਮਾਰੀ ਲਹੂ ਕਢਿਆ ਨਾਂ "
ਫੜ ਕੇ ਛੁਰੀ ਜ਼ਾਲਮ ਛਾਤੀਆ ਬੈਠ ਬਿਸਮਲ ਨੀਮ ਕੀਤੀ ਗਲਾਂ ਵਢਿਆ ਨਾਂ "
ਲੱਖ ਲੱਖ ਵਾਰੀ ਮਾਤ ਕੂਕ ਕੂਕੀ । ਏਹ ਫਰੰਗ ਪਾਪੀ ਪਿਛਾ ਛਡਿਆ ਨਾਂ
Sri Satguru Jagjit Singh Ji eLibrary NamdhariElibrary@gmail.com
ਖ, ਖਬਰ ਨਗਰਾਂ ਭਾਈਆਂ ਬਾਬਤ ਤਾਈਂ । ਸੁੱਤੇ ਪੁੱਤ੍ਰ ਨਾਂਦ ਪਿੱਛਾ ਛਡਿਆ ਨਾਂ "

ਕਹੇ ਬਹੁਤ ਤ੍ਰਲੇ ਮਿਨਤਾਂ ਕੀਤੀਆਂ ਮੈਂ । ਪਿਆ ਮੂੰਹ ਪਾਣੀ ਤਾਂ ਭੀ ਕਢਿਆ ਨਾ "
ਹੁਣ ਤਾਂ ਆਖਰੀ ਸਬਰ ਪ੍ਰਕਾਸ਼ ਆਇਆ । ਛੁਪ ਗਏ ਮੇਰਾ ਦਿਲ ਢੂੰਢਿਆ ਨਾ "
ਮੇਰੇ ਬੱਚੇ ਦੁੱਖ ਮਰੀ ਕੇ ਮਰੀ ਮਾਤਾ । ਜੋ ਫਰੰਗ ਡਾਕੂ ਘਰੋਂ ਕੱਢਿਆ ਨਾ "
ਗ. ਗਜ਼ਬ ਕੀਤਾ ਏਸ ਫਰੰਗ ਜ਼ਾਲਮ । ਮੇਰਾ ਮਾਲ ਬੇ ਕੀਮਤੀ ਲੁੱਟ ਲਿਆ "
ਜਿਸਦੀ ਚਮਕ ਸੀ ਵਿਚ ਜਹਾਨ ਸਾਰੇ । ਸੂਰਜ ਪਕੜ ਅਕਾਸ਼ ਥੀਂ ਸੁੱਟ ਲਿਆ "
ਸੁਤ ਦੇਖ ਭਾਰਤ, ਗਿਦੜਾਂ ਬਾਂਦਰਾਂ ਨੇ । ਮਾਰਨ ਲਈ ਹਥੋਂ ਪੈਰੋਂ ਜੁੱਟ ਲਿਆ "
ਪਾਸ ਪੁਤਰ ਦੇ ਨਹੀਂ ਸੁਤੇ ਸ਼ੇਰ ਮੇਰੇ । ਮਾਤਾ ਕਹੇ ਮੇਰਾ ਗਲ ਘੁੱਟ ਲਿਆ "
ਘ ਘਰੋਂ ਬਾਹਰੋਂ ਧੱਕੇ ਵਜਦੇ ਨੇ । ਮੇਰੇ ਸਮਝਦੇ ਪੁਤ ਨਦਾਨ ਕਿਉਂ ਨਹੀਂ "
ਫਿਰਨ ਦੇਸ਼ ਪ੍ਰਦੇਸ਼ ਖੁਆਰ ਹੁੰਦੇ । ਇਜ਼ਤ ਆਪਣੀ ਦਾ ਕਰਨ ਧਿਆਨ ਕਿਉਂ ਨਹੀਂ
ਧੱਕੇ ਪੈਣ ਚੌਤਰਫ ਨਾ ਕੀਨ ਕੁਸਕਨ । ਓ! ਬੇਗੈਰਤ ਮਰਨ ਮਹਾਨ ਕਿਉਂ ਨਹੀਂ
ਉਹੋ ਜਿਨ੍ਹਾਂ ਦੇ ਸੀ ਬਹੁਤ ਮਾਣ ਮੇਰਾ । ਮਾਤ ਕਹੇ ਅੱਜ ਮੇਰੀ ਪਛਾਣ ਕਿਉਂ ਨਹੀਂ
ਚ, ਰੋਂਦੀ ਤੜਫਦੀ ਘਾਬਰ ਮਰਦੀ ਏ । ਆਹ! ਕਿਵੇਂ ਹੋਇਆ ਮੰਦਾ ਹਾਲ ਮੇਰਾ "
ਕੋਈ ਨਹੀਂ ਦਰਦੀ ਲਵੇ ਸਾਰ ਮੇਰੀ । ਨੇੜੇ ਆ ਗਿਆ ਏਹ ਇੰਤਕਾਲ ਮੇਰਾ "
ਪਾਪਣ ਅੱਗ ਗੁਲਾਮੀ ਦੀ ਝੁਲਸ ਦਿਤਾ । ਚੇਹਰਾ ਦਮਕਦਾ ਸੀ ਲਾਲੋ ਲਾਲ ਮੇਰਾ
ਕਿਵੇਂ ਬਚਾਂਗੀ ਰੋਏ ਕੇ ਕਹੇ ਮਾਤਾ । ਪਿਛਾ ਛਡਦਾ ਨਹੀਂ ਚੰਡਾਲ ਮੇਰਾ "
ਛ ਛਡਦਾ ਨਹੀਂ ਫਰੰਗ ਪਿਛਾ । ਮੈਂ ਤਾਂ ਵਾਸਤਾ ਰਬ ਦਾ ਪਾ ਥੱਕੀ "
ਕਰੇ ਦਾਦ ਨਾ ਸੁਣੇ ਫਰਿਆਦ ਪਾਪੀ । ਮੈਂ ਨਖਸਮੜੀ ਬਹੁਤ ਕੁਰਲਾ ਥੱਕੀ "
ਆਵੇ ਰਹਿਮ ਨਾ ਏਸ ਬਦਮਾਸ਼ ਤਾਈਂ । ਰੋ ਰੋ ਹੰਝੂਆਂ ਨਦੀ ਵਹਾ ਥੱਕੀ "
ਦੇਵਾਂ ਦੋਸ਼ ਕਿਸੇ ਨੂੰ ਕੀ ਕਹੇ ਮਾਤ । ਸਮਝਣ ਪੁਤ ਨਾ ਬਹੁਤ ਸਮਝਾ ਥੱਕੀ
ਜ, ਜਿਸਮ ਸ਼ਰੀਰ ਦੇ ਵਿਚੋਂ ਆਇਆ । ਮੇਰੀ ਜਾਨ ਸ਼ੇਰੋ ਤਲਮਲੋਣ ਲਗੀ "
ਠੰਡੀ ਹਵਾ ਇਨਸਾਫ ਦੀ ਦੂਰ ਹੋਈ । ਜ਼ੁਲਮ ਤਪਸ਼ ਥੀਂ ਸਿਰੋਂ ਪਾਣੀ ਵਗੋਣ ਲਗੀ "
ਫਲੀ ਫੁਲੀ ਆਜ਼ਾਦੀ ਦੇ ਬਾਗ ਅੰਦਰ । ਬੇਲ ਜ਼ਿੰਦਗੀ ਦੀ ਕੁਮਲੋਣ ਲਗੀ
ਆਏ ਖਿਜ਼ਾਂ ਦੀ ਰੁਤ ਫਰੰਗ ਜ਼ਾਲਮ । ਭਾਰਤ ਵਰਸ਼ ਦੀ ਕਲੀ ਮੁਰਝੋਣ ਲਗੀ "
ਝ ਤੜਫਦੇ ਅੰਨ ਨੂੰ ਮਰਨ ਭੁਖੇ । ਲਖਾਂ ਮਣਾਂ ਅਨਾਜ ਢੋਣ ਵਾਲੇ "
ਪਾਟੇ ਕਪੜੇ ਲੀਰ ਕਚੀਰ ਪੈਹਿਨਣ । ਅਤਲਸ ਜ਼ਰੀ ਦੁਸ਼ਾਲੇ ਹੰਢੌਣ ਵਾਲੇ
ਜ਼ਮੀਂ ਸਿਕਰੀ ਬੁਲਾਂ ਤੇ ਜੀਭ ਫੇਰਨ । ਹਥ ਸ਼ੇਰ ਦੀ ਮੁੱਛ ਨੂੰ ਪੌਣ ਵਾਲੇ "
ਮਾਤ ਕਹੇ ਫਰੰਗ ਨੇ ਤੰਗ ਕੀਤੇ । ਮੇਰੇ ਸ਼ੇਰ ਅਜ਼ਾਦ ਕਹੋਣ ਵਾਲੇ "
ਞ [illegible] । [illegible]

Sri Satguru Jagjit Singh Ji eLibrary NamdhariElibrary@gmail.com

ਵੇਖੋ ਕੇਹਾ ਜ਼ਮਾਨੇ ਦਾ ਤੌਰ ਫਿਰਿਆ ਸ਼ੇਰ ਕੁੱਤਿਆਂ ਤੋਂ ਡਰ ਖਾਣ ਲਗੇ "
ਭੈੜੀ ਸੰਗਤ ਦੇ ਬੈਠ ਬਦਨਾਮ ਹੋਏ । ਸ਼ੇਰ ਨਸਲ ਤਾਂਈ ਦਾਗ ਲਾਣ ਲਗੇ "
ਜੋ ਇਨਾਂ ਤਿੜੀ ਸੀ ਆਖਦਾ ਜਗ ਸਾਰਾ ਮੇਰੇ ਲਾਲ ਫਿੰਗਾਰ ਕਹਾਣ ਲਗੇ "
ਟ ਟਹਿਕਦੇ ਸੀ ਮੇਰੇ ਬਾਗ ਅੰਦਰ । ਸੇਬ ਤੂਤ ਸ਼ਹਤੂਤ ਅਨਾਰ ਇਕ ਦਿਨ
ਫਿੱਕੜ ਮੋਤੀਆ ਚੰਬੇ ਗੁਲਾਬ ਗੇਂਦੇ ਚੜ੍ਹਿਆ ਇਸ਼ਕ ਪੇਚਾ ਪੇਚ ਮਾਰ ਇਕ ਦਿਨ
ਸਰੂ ਅਤੇ ਸ਼ਮਸ਼ਾਦ ਅਸਮਾਨ ਛੂਹੇ । ਜਿਨ੍ਹੀ ਕੁਦਰਤੀ ਬਣੇਂ ਮੁਨਾਰ ਇਕ ਦਿਨ
ਰੋਂਦੇ ਮਾਤਾ ਅਕੀ ਥਕੀ ਜ਼ੋਰ ਪਾਯਾ । ਮੈਂਹਕਣ ਬੇਲ ਬੂਟੇ ਖੁਸ਼ਬੂਦਾਰ ਇਕ ਦਿਨ
ਠ ਠੋਕਰਾਂ ਖਾਂਦਿਆਂ ਡੇਰ ਹੋਈ । ਹੋਈਆਂ ਬਾਵਰੀ ਅਤੇ ਦੀਵਾਨੀਆਂ ਮੈਂ
ਜੇਹੜੇ ਮਾਰ ਜ਼ਾਲਮ ਟੁਕੜੇ ਚੂਰ ਕੀਤੀ । ਦਸਾਂ ਕਿਸ ਨੂੰ ਜ਼ਖਮ ਨਸ਼ਾਨੀਆਂ ਮੈਂ "
ਮੇਰੇ ਜਿਗਰ ਵਿਚੋਂ ਡਾਢੇ ਹੋਲ ਉਠੇ । ਦਸਾਂ ਕਿਸ ਨੂੰ ਭੁਲਾ ਹੈਰਾਨੀਆਂ ਮੈਂ "
ਕਾਹਨੂੰ ਘੂਕ ਸੁਤੇ ਮੇਰੇ ਸ਼ੇਰ ਪੁਤ੍ਰ । ਮਾਤਾ ਕੂੰਜ ਵਾਂਗੂ ਕੁਰਲਾਨੀਆਂ ਮੈਂ "
ਡ, ਡਰਦਿਆਂ ਦੀ ਟਦੀ ਚੌੜੇ ਹੋਂਦੇ । ਸ਼ੇਰੋ ਨਾਮ ਤਾਂਈ ਲਾਂਦੇ ਦਾਗ ਕਾਹਨੂੰ "
ਡਰਦੇ ਘੁਗੀਆਂ ਤੋਂ ਜੇਕਰ ਫਟਕਣੇ ਨੰਗੀ ਰੋਅਬਦਾਰ ਕਹੌਣ ਬਾਜ਼ ਕਾਹਨੂੰ "
ਸ਼ਕਲ ਮੌਤ ਦੀ ਵੇਖ ਕੇ ਪਏ ਡਰਦੇ । ਰੌਲਾ ਪਾਂਵਦੇ ਹੋ ਲੈਣ ਰਾਜ ਕਾਹਨੂੰ "
ਤੁਸਾਂ ਲਈ ਮਾਤਾ ਹਿੰਦ ਮਾਤ ਹੋਈ । ਸ਼ੇਰੋ ਤੁਸੀਂ ਹੋਏ ਬੇ ਮੁਤਾਜ ਕਾਹਨੂੰ "
ਢ, ਢਕ ਟੁਟੀ ਮੇਰੀ ਏਨੀ ਗਲੀਂ । ਕੂੜੇ ਪਖਾਰ ਕੁਲੀ ਕੂੜ ਵਤਾਰਿਆ ਨਾ "
ਰੋਂਦੇ ਦੇਖ ਲਾਇਆ ਗਲ ਗੋਰਿਆਂ ਨੂੰ । ਸੱਪ ਹਥੀਂ ਆਖ ਜਾਨੋਂ ਮਾਰਿਆ ਨਾ "
ਕਾਹਨੂੰ ਤ੍ਰਸ ਕੀਤਾ ਉਤੇ ਦੁਸ਼ਮਣਾਂ ਦੇ । ਰਾਜ ਨੀਤ ਦੀ ਰੀਤ ਨੂੰ ਧਾਰਿਆ ਨਾ "
ਤਾਂਹੀ ਅਜ ਬੁੜ੍ਹਾਪੇ ਵਿਚ ਪੈਣ ਧਕੇ । ਮਾਤ ਵਕਤ ਸਿਰ ਵਕਤ ਉਤਾਰਿਆ ਨਾ
ਣ, ਅਣਗਿਣਤ ਮੁਸੀਬਤਾਂ ਪੇਸ਼ ਪਈਆਂ ਦੁਖਾਂ ਵਿਚ ਹੀ ਸੈਂਕੜੇ ਸਾਲ ਹੋ ਗਏ ।
ਜਦੋਂ ਤੋਂ ਜ਼ੁਲਮ ਹਨੇਰੀ ਦੇ ਵਗੇ ਬੁਲੇ । ਲਖਾਂ ਸ਼ੇਰ ਮੇਰੇ ਬੇ ਮਸਾਲ ਹੋ ਗਏ "
ਜਿਓਂ ਜਿਓਂ ਮਾਤਾ ਨੇ ਸੀਸ ਦੀ ਭੇਟ ਮੰਗੀ । ਕੁਰਬਾਨ ਮੇਰੇ ਲਖਾਂ ਲਾਲ ਹੋ ਗਏ "
ਹੋਕੇ ਅਸਲ ਦੀ ਨਸਲ ਤੋਂ ਸ਼ੇਰ ਮਰਦੇ । ਦੁਖੀ ਦੇਖ ਮਾਤਾ ਕਿਸ ਖਿਆਲ ਹੋ ਗਏ
ਤ, ਤੁਸਿਆਂ ਤੇ ਕਾਹਨੂੰ ਜ਼ੋਰ ਪਾਇਆ । ਮੇਰੀ ਕੁਖੋਂ ਤੋਂ ਦੁਧ ਕੇ ਸ਼ੀਰ ਸ਼ੇਰੋ "
ਜੇਕਰ ਤੁਸੀਂ ਸ਼ੇਰਾਂ ਦਾ ਨੇ ਕੀਮ ਫੜੇ । ਤਾਂਹੀ ਅਜ ਹੋਏ ਰੌਦਲਗੀਰ ਸ਼ੇਰੋ "
ਅਜੇ ਹਈ ਵੇਲਾ ਸੰਭਲ ਜਾਵਣੇ ਦਾ । ਕਰੋ ਗੌਰ ਦੇ ਫਰਜ਼ ਜਦ ਸ਼ਮਸ਼ੀਰ ਸ਼ੇਰੋ
ਮਾਤ ਕਹੇ ਕਰਦੇ ਜਲਦ ਗੋਰਿਆਂ ਨੂੰ । ਇਸੇ ਆਖਰੀ ਏਹੋ ਤਦਬੀਰ ਸ਼ੇਰੋ "
ਥ, ਥੁਕੱਕੇ ਹਥੱਂ ਤੇ ਚਟੱਂ ਜਾਂਦੇ । ਏਹ ਬੇਸ਼ਰਮ ਫਰੰਗ ਮਕਾਰ ਭਾਰ "

Sri Satguru Jagjit Singh Ji eLibrary NamdhariElibrary@gmail.com

ਰਿਹਾ ਖੇਡਦਾ ਨਾਲ ਪਯਾਰ ਪੈਂਹਿਲੇ । ਮੌਕਾ ਦੇਖ ਕੀਤਾ ਘਲੂ ਘਾਰ ਭਾਰਾ ॥
ਗੂੜ੍ਹੀ ਸ਼ੂਰੀ ਜ਼ਾਲਮ ਜੜ੍ਹਾਂ ਕਟੀਆਂ ਸੇ । ਜ਼ਾਹਰਾ ਰਿਹਾ ਬਣਿਆਂ ਦਿਲਦਾਰ ਭਾਰਾ
ਜਿਸਦੇ ਰਾਜ ਅੰਦਰ ਮੌਜਾਂ ਮਾਣਦਾ ਸੀ । ਮਾਤ ਭੁੱਲ ਬੈਠਾ ਦਗੇਦਾਰ ਭਾਰਾ ॥
ਦ. ਦੁਖ ਤੇ ਦੁਖ ਹਜ਼ਾਰ ਪੈ ਗਏ । ਮੇਰੀ ਸੋਚ ਤੋਂ ਹੀ ਅਕਲ ਹੈਰਾਨ ਹੋ ਗਈ
ਪਾ ਕੇ ਤੇਰ ਫਰੰਗ ਨੇ ਵੈਰ ਕੀਤੀ । ਖਿੱਚੀ ਪਿਛੰਦੀ ਪਿਛੰਜ ਬਾਨ ਹੋ ਗਈ
ਸ਼ੂਰੀ ਜ਼ੁਲਮ ਦੀ ਮਾਰ ਬੱਦ ਹਾਲ ਕੀਤੀ ਮੇਰੇ ਜਿਸਮ ਦੀ ਮਧਮ ਸ਼ਾਨ ਹੋ ਗਈ
ਧੋਖੇ ਨਾਲ ਮੇਰੇ ਲਾਲ ਜਕੜ ਲੀਤੇ । ਕੀਲੀ ਲਟਕਦੀ ਤੀਰ ਕਮਾਨ ਹੋ ਗਈ
ਧ. ਧਰਮ ਦਾ ਵਧੇਗਾ ਜ਼ੋਰ ਜਲਦੀ । ਤੇਰਾ ਨਹੀਂ ਫਰੰਗੀਆ ਰਾਜ ਰੈਹਿਣਾ ॥
ਬੇ ਹਿਸਾਬ ਗੁਲਸ਼ਨ ਮੇਰੇ ਸਾੜ ਸੁਟੇ । ਦਗੇਬਾਜ਼ ਦਾ ਨਹੀਂ ਗੁੜ ਪਾਜ ਰੈਹਿਣਾ ॥
ਅਕਸ੍ਰ ਧਰਮ ਇਨਸਾਫ ਦੀ ਜਿਤ ਹੋਣੀ ਤੇਰਾ ਪਾਪੀਆ ਨਹੀਂ ਤਖਤ ਤਾਜ ਰੈਹਿਣਾ
ਉਜੜੀਆਂ ਖਾਂਦੀਆਂ ਦੇਖਕੇ ਖੇਤ ਸਾਰਾ । ਮਾਤ ਕਹੇ ਨਹੀਂ ਰੋਕਿਆ ਬਾਜ ਰੈਹਿਣਾ
ਨ. ਨਸਲ ਮੇਰੀ ਪਟ ਧਾੜ ਹੋਈ । ਪਿਆ ਮੂੰਹ ਫਰੰਗੀਆਂ ਪਾਜੀਆਂ ਦਾ ॥
ਕਾਹਨੂੰ ਘੂਕ ਸੁਤੇ ਮੇਰੇ ਸ਼ੇਰ ਪੁਤ੍ਰ । ਜਿਨਾਂ ਫਖਰ ਸ਼ਮਸ਼ੇਰ ਦੀ ਬਾਜ਼ੀਆਂ ਦਾ
ਕਿਥੇ ਰਾਜਪੂਤ ਮੇਰੀ ਲਾਜ ਵਾਲੇ । ਨਸ਼ਾ ਹਿੰਦੂਆਂ ਬੇ ਮੁਹਤਾਜੀਆਂ ਦਾ ॥
ਮਾਤ ਕਹੇ ਕਾਨੂੰ ਠੰਡਾ ਸਰਦ ਹੋਇਆ । ਖੂਨ ਟਪਕਦਾ ਸੀ ਕਦੇ ਗਾਜ਼ੀਆਂ ਦਾ ॥
ਪ, ਪੀੜ ਕਢੀ ਮੇਰੀ ਰਤ ਸਾਰੀ । ਡਿਗਡਿਗ ਪਵਾਂ ਨਹੀਂ ਖਿਹਾ ਜਾਂਦਾ ॥
ਦਿਲ ਟੁਟਦਾ ਹੈ ਦਮ ਰੁਕਦਾ ਹੈ । ਮੇਰਾ ਕਾਲਜਾ ਬਚੜਿਓ ਫਿਹਾ ਜਾਂਦਾ ॥
ਸੀਨਾ ਚਾਕ ਹੋਯਾ ਏਹਨੀ ਗਲੀਂ । ਜਬਾ ਥਥਕੰਦੀ ਨਹੀਂ ਕੁਝ ਕਿਹਾ ਜਾਂਦਾ ॥
ਜਲਦੀ ਗੈਬ ਦੇ ਹਕੀਮ ਨੂੰ ਵਾਜ ਮਾਰੋ ਮਾਤਾ ਕਹੇ ਨਹੀਂ ਦੁਖ ਸਿਹਾ ਜਾਂਦਾ ॥
ਫ. ਫੇਰ ਮਾਥੇ ਤਾਈਂ ਰੋਣ ਰੋਸੋਂ ਗੇ । ਗਿਆ ਵਕਤ ਮੁੜਕੇ ਹਥ ਔਣਾ ਨਹੀਂ ॥
ਪਏ ਝੂਰਸੋਂਗੇ ਖੇਡਾਂ ਖੇਡੀਆਂ ਨੂੰ । ਤੁਸਾਂ ਰੋਦਿਆਂ ਕਿਸੇ ਵਰੋਣਾ ਨਹੀਂ ॥
ਜਦ ਫਰੰਗ ਕਸਾਈ ਦੇ ਵਸ ਪੈ ਗਏ । ਤੁਸਾਂ ਮਰਦਿਆਂ ਕਿਸੇ ਛੁਡੋਣਾ ਨਹੀਂ ॥
ਜਦੋਂ ਜੋਤ ਮਾਤ ਵਾਲੀ ਮਾਤ ਹੋਈ । ਤੁਸਾਂ ਬਚੜਿਓ ਝਟ ਲਿਔਣਾ ਨਹੀਂ ॥
ਬ. ਬੁਰਾ ਹੁੰਦਾ ਦੋਸਤ ਦਿਲੀ ਦੁਸ਼ਮਣ । ਧੋਖਾ ਦੇਕੇ ਕੌਮ ਖਰਾਬ ਕਰਨ ॥
ਜ਼ਾਹਰਾ ਨੇਕ ਚਾਲੇ ਸੁਖਨ ਨੇਕ ਕੈਂਹਣੇ । ਗੋਸ਼ੇ ਬੈਠ ਸ਼ੈਤਾਨ ਦੀ ਸਬਕ ਪੜ੍ਹਨ ॥
ਜ਼ਾਹਰਾ ਮੋਹਕ ਮਾਰੇ ਪਾਪੀ ਆੜੂ ਵਾਂਗੂ ਵਿਚੋ ਵਿਚ ਪਖਾਨੇ ਦੇ ਵਾਂਗ ਸੜਨ ॥
ਜੇਹੜੇ ਠਗੀਆਂ ਕਰਨਗੇ ਯਾਰ ਬਣਕੇ ਮਾਤ ਕਹੇ ਤਿਨਾ ਮੰਦੇ ਹਾਲ ਮਰਨ ॥
ਭ. ਭਜ ਗਈਆਂ ਮੇਰੀਆਂ ਭੁਜਾਂ ਦੋਵੇਂ । ਜ਼ਖਮੀ ਜਾਨ ਮਾਂ ਜਿਸਮ ਤਮਾਮ [illegible] ॥

Sri Satguru Jagjit Singh Ji eLibrary NamdhariElibrary@gmail.com

ਰਹੀ ਸਮਝਦੀ ਮੈਂ ਸ਼ੇਰ ਖੇਡਦਾ ਹੈ ' ਦਗੇ ਬਾਜ਼ਦੀ ਚਾਲ ਨੇ ਕੰਮ ਤਮਾਮ ਕੀਤਾ"
ਪਾਪੀ ਲੂਣ ਦੇ ਕੇ ਨਾਂ ਕਦੈਤ ਕੀਤੀ ' ਮੈਨੂੰ ਦੇਸ ਪ੍ਰਦੇਸ ਬਦਨਾਮ ਕੀਤਾ"
ਮਾਤ ਕਹੇ ਉਡ ਜਾਂਦਾ ਸੀ ਨਾਮ ਜਲਦੀ ' ਜੇ ਕਰ ਗਦਰ ਦਾ ਨਾਂ ਇੰਤਜ਼ਾਮ ਕੀਤਾ"
ਘ. ਮੁਦਤਾਂ ਗੁਜ਼ਰੀਆਂ ਵਿਚੋਂ ਦੁਖਾਂ ' ਡਾਹਢੀ ਅਜ ਹੋ ਗਈ ਬੀਮਾਰ ਹਾਂ ਮੈਂ"
ਦੁਖ ਵਧਦਾ ਵਧਦਾ ਵਧ ਗਿਆ ' ਮੁਹਲਕ ਮਰਜ਼ ਨੇ ਕੀਤੀ ਲਾਚਾਰ ਹਾਂ ਮੈਂ"
ਫੋੜੇ ਉਗਾਰੇ ਤੇ ਦਾਰੂ ਨਹੀਂ ਕੀਤੀ ' ਜਿਸ ਮਗਰੋਂ ਹੋ ਗਈ ਬੇਜ਼ਾਰ ਹਾਂ ਮੈਂ"
ਦਾਰੂ ਦਸਦੀ ਹਾਂ ਜਦ ਦਰਦ ਕਰੇ ਪੁਤਰੋ ' ਬੱਸ ਗਦਰ ਮੇਰੀ ਤਲਬਗਾਰ ਹਾਂ ਮੈਂ"
ਙ. ਯਾਦ ਕਰ ਕਰ ਪਈ ਝੂਰਦੀ ਹਾਂ ' ਕੋਹੇ ਨੂਰ ਅੰਦ੍ਰ ਤਤੀ ਪਲੀ ਸਾਂ ਮੈਂ"
ਕਮਰ ਵਾਂਗ ਕਮਾਨ ਦੇ ਝੁਕੀ ਮੇਰੀ ' ਕਦੇ ਵਾਂਗ ਸ਼ਮਸ਼ਾਦ ਦੇ ਖਲੀ ਸੀ ਮੈਂ"
ਰੰਗ ਹੋਰ ਤੋਂ ਹੋਰ ਸਿਆਹ ਹੋਇਆ ' ਕਦੇ ਸੁਰਖ ਸੰਧੂਰ ਦੀ ਡਲੀ ਸੀ ਮੈਂ"
ਅਕਾਂ ਵਾਂਗ ਸੰਦੀ ਮਾਤ ਕਦ੍ਰ ਭੀ ਨਹੀਂ ' ਕਦੇ ਖਿਲੀ ਚੰਬੇਲੀ ਦੀ ਕਲੀ ਸੀ ਮੈਂ"
ਚ. ਰੋਂਦਿਆਂ ਤੇ ਭੁਲਾ ਬਹੁਗਾ ਕੀ ' ਉਠੋ ਮਰਦੋ ਕਿਉਂ ਹੌਸਲਾ ਹਾਰ ਬੈਠੇ"
ਪੈਰ ਪੈਰ ਉਤੇ ਪਏ ਤਰੈਹ ਕਰਦੇ ਹੋ ' ਆਨ ਧਰਮ ਤੇ ਸ਼ਰਮ ਵਿਸਾਰ ਬੈਠੇ"
ਸ਼ੇਰ ਵਾਂਗ ਆਜ਼ਾਦ ਹੋ ਫਿਰੋ ਖੁਲੇ ' ਵਾਂਗ ਗਿਦੜਾਂ ਕਿਉਂ ਦਿਲ ਧਾਰ ਬੈਠੇ"
ਜੇ ਕਰ ਅਸਲ ਦੀ ਨਸਲ ਹੋ ਸ਼ੇਰ ਮਰਦੋ ' ਮਾਤ ਭੈਣ ਦੜੀ ਨੂੰ ਕਿਉਂ ਵਿਸਾਰ ਬੈਠੇ"
ਛ. ਲੋਕ ਪ੍ਰਲੋਕ ਵਿਚੋਂ ਪੈਂਹ ਧਕੇ ' ਹੋਕੇ ਮਰਦ ਸੰਦੀ ਤੁਸਾਂ ਨੂੰ ਸ਼ਰਮ ਕਿਉਂ ਨਹੀਂ
ਹਿੰਦੋਸਤਾਨੀ ਗੁਲਾਮ ਹਨ ਗੋਰਿਆਂ ਦੇ ' ਦੁਨੀਆਂ ਕਹੇ ਹੁੰਦਾ ਜੀ ਨੇ ਵਹਿਮ ਕਿਉਂ ਨਹੀਂ
ਹਿੰਦੂ ਸਿਖ ਗਾਜ਼ੀ ਰਾਜਪੂਤ ਬਾਂਕੇ ' ਸ਼ੇਰਾਂ ਵਿਚ ਸ਼ੇਰਾਂ ਵਾਲੇ ਕ੍ਰਮ ਕਿਉਂ ਨਹੀਂ
ਹਿੰਦੂ ਕੁਲੀ ਡਰਦੀ ਤੁਹਾਨੂੰ ਕੈਹਿੰਦੇ ਗੋਰੇ ' ਹੁੰਦਾ ਹਿੰਦੀਆਂ ਦਾ ਖੂਨ ਗਰਮ ਕਿਉਂ ਨਹੀਂ
ਜ. ਵਾਉ ਜ਼ਮਾਨੇ ਦੀ ਫਿਰੀ ਕਿਦ੍ਰ ' ਮੇਰੇ ਪਾਪੀਆਂ ਨੇ ਬਾਗ ਸਾੜ ਸੁਟੇ"
ਆਪਸ ਵਿਚੋਂ ਲੜਾ ਕੇ ਗਰਕ ਕੀਤੇ ' ਮੇਰੇ ਸ਼ੇਰ ਪੁਤਰ ਕਿਵੇਂ ਪਾੜ ਸੁਟੇ"
ਏਨਾਂ ਗੋਰਿਆਂ ਦਗੇ ਦਿਆਂ ਬੋਰਿਆਂ ਨੇ ' ਮੇਰੇ ਵਸਦੇ ਸ਼ਹਿਰ ਉਜਾੜ ਸੁਟੇ"
ਮਾਤ ਕਹੇ ਫਰੰਗੀਆਂ ਦਗੇ ਬਾਜ਼ਾਂ ' ਮੇਰੀ ਜਿੰਦ ਦੇ ਥੰਮ ਉਖਾੜ ਸੁਟੇ"
ਝ. ਆੜ ਅੰਦ੍ਰ ਦਗੇ ਬਾਜ਼ ਬੈਠਾਂ ' ਤੁਸਾਂ ਗੁਰਮੁਖੋ ਅਖੀਆਂ ਮੀਟੀਆਂ ਕਿਉਂ
ਮਿਠਾ ਬੋਲ ਜ਼ਾਲਮ ਗੁਰੂ ਘਾਤ ਕਰਦਾ ' ਤੁਸਾਂ ਭੋਲਿਉ ਲਾਈਆਂ ਪ੍ਰੀਤੀਆਂ ਕਿਉਂ
ਜਲਦੀ ਗਦਰ ਕਰਕੇ ਕਢੋ ਗੋਰਿਆਂ ਨੂੰ ' ਸਟ ਖਾਇਕੇ ਲਦੇ ਕਰੀਚੀਆਂ ਕਿਉਂ"
ਕਰੋ ਗਦਰ ਤੇ ਬਣੋ ਆਜ਼ਾਦ ਸ਼ੇਰੋ ' ਮਾਤ ਕਹੇ ਭੁਲ ਫੜੀਆਂ ਕੁਰੀਤੀਆਂ ਕਿਉਂ

Sri Satguru Jagjit Singh Ji eLibrary NamdhariElibrary@gmail.com

# ਭਾਰਤ ਮਾਤਾ ਦੀ ਦੁੱਖ ਭਰੀ ਪੁਕਾਰ

ਮੇਰੀ ਅਰਜ਼ ਨੂੰ ਨਾਲ ਖਿਆਲ ਸੁਣਨਾਂ ਮੇਰੇ ਸਿਖ ਹਿੰਦੂ ਮੁਸਲਮਾਨ ਵੀਰੋ"
ਪਾਜੀ ਗੋਰਿਆਂ ਨੇ ਮੈਨੂੰ ਤੰਗ ਕੀਤਾ ' ਆਈ ਨੱਕ ਤੇ ਮੈਂਡੜੀ ਜਾਨ ਵੀਰੋ"
ਬੱਚੇ ਬੱਚੀਆਂ ਹਿੰਦ ਦੇ ਫਿਰਨ ਰੁਲਦੇ ਢੋਈ ਮਿਲਨ ਨਾਂ ਵਿਚ ਜਹਾਨ ਵੀਰੋ"
ਭਾਰਤ ਬੱਚੀਆਂ ਜੇਲ੍ਹਾਂ ਦੇ ਵਿਚ ਤੜਫਣ ਕੰਬ ਉਠਿਆ ਜ਼ਿਮੀ ਅਸਮਾਨ ਵੀਰੋ
ਭਾਰਤ ਵਿਚੋਂ ਨਾਂ ਛੋੜਿਆਂ ਮਿਲੇ ਕੌਡੀ ' ਮਾਲ ਲੈ ਗਿਆ ਇੰਗਲਸਤਾਨ ਵੀਰੋ"
ਕੁਤੇ ਖਾਣ ਫਰੰਗੀ ਦੇ ਪੇਟ ਭਰਕੇ ' ਭੁਖੇ ਹਿੰਦ ਦੇ ਮਰਨ ਇਨਸਾਨ ਵੀਰੋ"
ਜ਼ਿਮੀ ਬਾਹਰ ਦੀ ਮਿਲੇ ਈਸਾਈਆਂ ਨੂੰ ' ਦੇਸੀ ਉਜੜ ਪਿੰਡਾਂ ਨੂੰ ਜਾਣ ਵੀਰੋ"
ਵਰਸ ਹਿੰਦ ਦੇ ਬਹੁੰ ਅੰਗ੍ਰੇਜ਼ ਜ਼ਾਲਮ ਕੀਤੇ ਪਕੜ ਬੇਦਖਲ ਕ੍ਰਿਸਾਣ ਵੀਰੋ"
ਨੈਹਿਰਾਂ ਖੂਹਾਂ ਜ਼ਮੀਨਾਂ ਦੇ ਤੁਸੀਂ ਮਾਲਕ ' ਕਾਹਦੇ ਵਾਸਤੇ ਭਰੋਂ ਲਗਾਣ ਵੀਰੋ"
ਕੁਲ ਤੋਪਖਾਨੇ ਜੰਗੀ ਪਲਟਣਾਂ ਦੇ ' ਭਾੜੇ ਭੰਗੀਂ ਦੇ ਦੇਂਦੇ ਜਾਨ ਵੀਰੋ"
ਪੈਣ ਕਾਲ ਤੇ ਮੌਤ ਪਲੇਗ ਆਵੇ ' ਹੈਜ਼ਾ ਤਾਪ ਤੇ ਰੋਗ ਭੀ ਖਾਣ ਵੀਰੋ"
ਮੌਜ ਕੁਲ ਜਹਾਨ ਦੀ ਲੈਣ ਗੋਰੇ ' ਹਿੰਦੀ ਫੋਕੇ ਹੀ ਸੰਖ ਬਜਾਣ ਵੀਰੋ"
ਨਾਲ ਤਰਲਿਆਂ ਮੂਲ ਨਹੀਂ ਕੁਝ ਬਣਨਾ ' ਮੇਰਾ ਆਖਰੀ ਸੁਣੋ ਫੁਰਮਾਨ ਵੀਰੋ"
ਹਿੰਦੂ ਵੇਦ ਤੇ ਸਿੱਖਾਂ ਗ੍ਰੰਥ ਵਾਲੀ ' ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ"
ਘਰੋਂ ਚੋਰ ਨੂੰ ਪਕੜ ਕੇ ਬਾਹਰ ਕਢੋ ' ਕਾਇਮ ਆਪਣੇ ਕਰੋ ਨਿਸ਼ਾਨ ਵੀਰੋ"
ਬਸਤੀ ਤੀਹ ਕਰੋੜ ਦਾ ਨਾਮ ਸੁਣਕੇ ' ਸਾਰੀ ਖਲਕ ਖੁਦਾ ਹੈਰਾਨ ਵੀਰੋ"
ਉੱਤੋਂ ਕਰਨ ਸਫਾਈਆਂ ਦਿਲੋਂ ਖੋਟੇ ' ਖੋਟੇ ਖੋਟ ਹੀ ਨਿਤ ਕਮਾਨ ਵੀਰੋ"
ਤੁਸੀਂ ਕਰੋ ਤਿਆਰੀਆਂ ਗਦਰ ਦੀਆਂ ' ਤੁਸਾਂ ਵਲ ਹੈ ਗਦਰ ਦਾ ਧਿਆਨ ਵੀਰੋ
ਦੁਨੀਆਂ ਦੇਖ ਕੇ ਤੁਸਾਂ ਸ਼ਾਬਾਸ਼ ਦੇਸੀ ' ਮੂੰਹੋਂ ਕਹੇਗੀ ਹਿੰਦੀ ਬਲਵਾਨ ਵੀਰੋ
ਖਾਤ੍ਰ ਮੁਲਕ ਦੀ ਜਿਨਾਂ ਨੇ ਜਾਨ ਵਾਰੀ ' ਸਿਰ ਤੇ ਝੂਲਦੇ ਫਿਰਨ ਨਿਸ਼ਾਨ ਵੀਰੋ"
ਹਿੰਦ ਬਾਗ਼ ਬਣਿਆ ਖਾਤ੍ਰ ਹਿੰਦੀਆਂ ਦੀ ' ਕਿਉਂ ਨਾ ਬਣਨ ਹਿੰਦੀ ਬਾਗਵਾਨ ਵੀਰੋ
ਤੁਸੀਂ ਆਪਣੀ ਫੌਜ ਤਿਆਰ ਕਰਲੋ ' ਹਿੰਦੋਸਤਾਨੀਓ ਬਣੋ ਬਲਵਾਨ ਵੀਰੋ
ਗੋਲੀ ਤੋਪ ਬੰਦੂਕ ਭੀ ਤਿਆਰ ਕਰਲੋ ਹੋਰ ਜੰਗ ਦਾ ਕੁਲ ਸਾਮਾਨ ਵੀਰੋ"
ਜੰਗ ਕਰਨ ਦੇ ਲਈ ਤਿਆਰ ਹੋ ਜੋ ' ਸਿੱਖੋ ਹਿੰਦੂਓ ਤੇ ਮੁਸਲਮਾਨ ਵੀਰੋ"
ਖੰਡਾ ਸਾਰ ਦਾ ਪਕੜ ਮੈਦਾਨ ਗੱਜੋ ' ਵੇਲਾ ਜੰਗ ਦਾ ਪਹੁੰਚਿਆ ਆਨ ਵੀਰੋ"
ਪਾੜ ਪਾੜ ਕੇ ਪਾਜੀਆਂ ਬਾਂਦਰਾਂ ਨੂੰ ' ਕਰੋ ਜ਼ੁਲਮ ਨੂੰ ਵਿਚੋਂ ਰਵਾਨ ਵੀਰੋ"

Sri Satguru Jagjit Singh Ji eLibrary NamdhariElibrary@gmail.com

ਜੇਹੜੇ ਸੂਰਮੇ ਮਾਂਵਾਂ ਦੇ ਪੁਤ ਸੋਹਿਣੇ ' ਕਿਥੋਂ ਨਾ ਪੀੜਦੇ ਵੈਰੀ ਦੀ ਘਾਣ ਵੀਰੋ"
ਵੇਖੋ ਵੇਖ ਰਲ ਕੇਹ ਬਣੇ ਬੈਰੂਤ ਸਾਰੇ ' ਚਲੋ ਖੁਸ਼ੀ ਦਾ ਘੁਘ ਮਚਾਣ ਵੀਰੋ"
ਜੇਕਰ ਹਿੰਦ ਵਾਸੀ ਹਲਾਂ ਕਰਨ ਰਲਕੇ ' ਗੋਰੇ ਛੱਡ ਜਾਵਣ ਹਿੰਦੋਸਤਾਨ ਵੀਰੋ"
ਦੇਵੋ ਸਬਕ ਫਰੰਗੀਆਂ ਪਾਜੀਆਂ ਨੂੰ ' ਏਨ੍ਹਾਂ ਗਰਕ ਕੀਤਾ ਹਿੰਦੋਸਤਾਨ ਵੀਰੋ"
ਕਰੋ ਭੁਲਕੇ ਏਨਾਂ ਦੀ ਦੂਰ ਆਕੜ ' ਸਿਧਾ ਤੀਰ ਹੋ ਵੇ ਇੰਗਲਸਤਾਨ ਵੀਰੋ
ਟੁੱਟੇ ਜ਼ੋਰ ਫਰੰਗੀ ਦਾ ਜਗ ਉਤੋਂ ' ਬਾਦਸ਼ਾਹੀ ਦਾ ਮਿਟੇ ਨਿਸ਼ਾਨ ਵੀਰੋ
ਬਧੇ ਹਥ ਗੁਲਾਮ ਹਮੇਸ਼ ਰੈਹਸੀ ' ਕੈਹਿਣਾ ਤੁਸਾਂ ਦਾ ਕਰੂ ਪ੍ਰਵਾਨ ਵੀਰੋ"
ਦੇਸ਼ੋਂ ਕਢੋ ਫਰੰਗੀਆਂ ਬਾਂਦਰਾਂ ਨੂੰ ' ਆਪ ਮੁਲਕ ਦੇ ਬਣੋ ਸੁਲਤਾਨ ਵੀਰੋ"
ਜੀਉਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ ' ਮਰ ਗਏ ਤਾਂ ਜੱਸ ਜਹਾਨ ਵੀਰੋ"
ਭਾਰਤ ਵਰਸ਼ ਵਿਚ ਖੁਸ਼ੀ ਦੇ ਜਗਣ ਦੀਵੇ ਦੀਵੇ ਗੁਲ ਹੋਵਣ ਇੰਗਲਸਤਾਨ ਵੀਰੋ

## ਗੁਲਾਮ ਦੀ ਦੁਰਦਸ਼ਾ

ਜ਼ਰਾ ਗੌਰ ਸੇ ਸੋਚਣਾ ਵੀਰ ਮੇਰੇ ' ਸਾਡੀ ਕਦ੍ਰ ਕਿਥੇ ਵਿਚ ਸੰਸਾਰ ਨਾਹੀਂ
ਦੁਨੀਆਂ ਵਿਚ ਫਰੰਗੀਆਂ ਜੇਡ ਜ਼ਾਲਮ ' ਕੋੜੀ ਦੂਸਰੀ ਹੋਰ ਸਰਕਾਰ ਨਾਹੀਂ"
ਜਿਹਨੂੰ ਆਪ ਸਰਕਾਰ ਸਰਕਾਰ ਕੈਂਹਦੇ ' ਧਾੜੇ ਲੁਟਦੇ ਏਸ ਦੀ ਕਾਰ ਨਾਹੀਂ"
ਦੀਵੇ ਦਿਨੇ ਹੀ ਬਾਲਕੇ ਲੁਟਦੀ ਹੈ ' ਹੁੰਦੇ ਹਿੰਦ ਵਾਸੀ ਖਬਰਦਾਰ ਨਾਹੀਂ"
ਮਿਠੇ ਬੋਲ ਕੇ ਕੌਮ ਨੂੰ ਕਢ ਲੈਂਦੇ ' ਗੋਰੀ ਕੌਮ ਏਹ ਕਿਸੇ ਦੀ ਯਾਰ ਨਾਹੀਂ"
ਚੋਰ ਆਪਣਾ ਅਜੇ ਮਲੂਮ ਹੋਇਆ ' ਹੁੰਦੇ ਫੜਨ ਨੂੰ ਤੁਸੀ ਤਿਆਰ ਨਾਹੀਂ"
ਨਾਹੀ ਦੇਸ਼ ਨਾਂ ਤੁਸਾਂ ਦੀ ਨਸਲ ਰੈਹਸੀ ਖਾਲੀ ਹਥ ਜੇ ਫੜੀ ਤਲਵਾਰ ਨਾਹੀਂ"
ਲੋਕੀ ਦੇਖ ਕੇ ਹਿੰਦ ਨੂੰ ਥੂਕ ਸੁਟਦਾ ' ਬਣਦੇ ਤੁਸਾਂ ਜੇਹੇ ਮਰਦ ਗਾਰ ਨਾਹੀਂ"
ਸਗੋਂ ਦੇਖ ਸਾਨੂੰ ਪਰੇ ਦੁਰਕ ਦੇਂਦੇ ' ਅਤੇ ਆਖਦੇ ਏਹ ਖੁਦ ਮੁਖਤਾਰ ਨਾਹੀਂ"
ਅਖਾਂ ਮੀਟੀਆਂ ਰਾਜ ਨਹੀ ਹਥ ਔਣਾ ' ਜਿਚਰ ਖੜਕਦੀ ਜੰਗ ਤਲਵਾਰ ਨਾਹੀਂ"
ਜ਼ਾਲਮ ਰਹੀ ਸਰਕਾਰ ਜੇ ਦੇਸ਼ ਅੰਦਰ ' ਸਾਡਾ ਜੀਵਣਾ ਕਿਸੇ ਦਰਕਾਰ ਨਾਹੀਂ"
ਬਣੇ ਗਾਜ਼ੀਆਂ ਦੇ ਮੁਸਲਮਾਨ ਕਿਥੇ ' ਦਿਸਨ ਸੂਰਮੇ ਸਿਖ ਸਰਦਾਰ ਨਾਹੀਂ"
ਸਜਣ ਨਿਤ ਜੋ ਵਿਚ ਮੈਦਾਨ ਦੇ ਜੀ ' ਬੇੜੀ ਪਾਪ ਦੀ ਲੰਘਣੀ ਪਾਰ ਨਾਹੀਂ"
ਉਦਮ ਨਾਲ ਹੁੰਦੇ ਸਭੇ ਕੰਮ ਪੂਰੇ ' ਸਜਣੀ ਗਲ ਨੂੰ ਦਿਸੇ ਵਸਾਰ ਨਾਹੀਂ"
ਬਾਗੀ ਸਿਖ ਕੈਂਹਦਾ ਸਭੇ ਕੰਮ ਝੂਠੇ ' ਹੋਣਾ ਗਦਰ ਦੇ ਬਾਝ ਛੁਟਕਾਰ ਨਾਹੀਂ

Sri Satguru Jagjit Singh Ji eLibrary NamdhariElibrary@gmail.com

# ਕਮਾ ਗਾਟਾ ਮਾਰੂ ਜਹਾਜ਼ ਦੇ ਬੇਬਸ ਹਿੰਦੀਆਂ ਦੀ ਪੁਕਾਰ

ਸੁਣੋ ਹਿੰਦੀਓ! ਜ਼ਰਾ ਧਿਆਨ ਦੇਕੇ ' ਗੱਲਾਂ ਸੁਣਿਆਂ ਸਾਰ ਘਬਰਾਵਨਾਂ ਨਾਂ "
ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ ' ਖੋਲ ਦਸਦੇ ਹਾਂ ਮੂੰਹ ਭਵਾਵਨਾਂ ਨਾਂ "
ਜ਼ਰਾ ਸਾਂਭ ਲੈਣਾਂ ਮਨ ਆਪਣੇ ਨੂੰ ' ਹੋਕੇ ਭਰ ਦਿਆਂ ਦਮ ਉਲਟਾਵਨਾਂ ਨਾਂ "
ਦਿਲ ਰਖਣਾਂ ਸਾਂਭ ਕੇ ਖਾਲਸਾ ਜੀ ' ਮਰਦਾਂ ਵਾਂਗ ਗੈਰਿਣਾਂ ਦਿਲ ਦੈਹਲਾਵਨਾਂ ਨਾਂ "
ਖ਼ੂਬ ਮਗ਼ਜ਼ ਦੇ ਨਾਲ ਵਚਾਰ ਕਰਨੀ ' ਸੁਣ ਕੇ ਦੁੱਖ ਸਾਡੇ ਸ਼ਰਮਾਵਨਾਂ ਨਾਂ "
ਆਹ! ਲੱਖ ਕਜ਼ੀਏ ਖੜੇ ਪੈਣ ਮਰਦਾਂ ' ਪਏ ਪੈਣ ਥੋੜੇ ਘਬਰਾਵਨਾਂ ਨਾਂ "
ਯਾਦ ਰਖਣਾਂ ਦਰੋਗ਼ ਦੇ ਯਾਰ ਤਾਈਂ ' ਉਹਦੇ ਪਿਆਰਿਓ ਦਿਲੋਂ ਭੁਲਾਵਨਾਂ ਨਾਂ "
ਆਵੇ ਰੱਬ ਤੇ ਖ਼ੂਬ ਜਵਾਬ ਦੇਣਾਂ ' ਅੱਗੇ ਵਾਂਗ ਭੁਲੇਖੇ ਵਿੱਚ ਆਵਨਾਂ ਨਾਂ "
ਪਾਸਾ ਫਿਰੂਗਾ ਥੋੜੇ ਜ਼ਰੂਰ ਸਾਡਾ ' ਹਿੰਮਤ ਰਖਣੀ ਦਿਲ ਉਦਰਾਵਨਾਂ ਨਾਂ "
ਬਦਲੇ ਲਵਾਂਗੇ ਗਿਣ ੨ ਹਰਾਮੀਆਂ ਤੋਂ ' ਬੱਚਣਾਂ ਹਿੰਦੀਓ ਦਾ ਹੇਠ ਆਵਨਾਂ ਨਾਂ "
ਬੇਈਮਾਨ ਫਰੰਗ ਬੇ ਪੀਰ ਕਾਫਰ ' ਗੱਲਾਂ ਮਿਠੀਆਂ ਤੇ ਭੁੱਲ ਜਾਵਨਾਂ ਨਾਂ "
ਥੋੜੇ ਵਕਤ ਸੋਹਣਾਂ ਸਾਡੇ ਉਠਣੇ ਦਾ ' ਪਿੱਛੇ ਕਾਇਰਾਂ ਲੱਗ ਦਬ ਜਾਵਨਾਂ ਨਾਂ "
ਨਾਲੇ ਕੁਟਦਾ ਹੈ ਨਾਲੇ ਲੁਟਦਾ ਹੈ ' ਨਾਲੇ ਹਸਦਾ ਹਾਸੇ ਵਿੱਚ ਆਵਨਾਂ ਨਾਂ "
ਜੜ੍ਹਾਂ ਕਟਦਾ ਵਿਚੋਂ ਹਰਾਮਜ਼ਾਦਾ ' ਉਤੋਂ ਪਿਆਰ ਕਰਦਾ ਧੋਖਾ ਖਾਵਨਾਂ ਨਾਂ "
ਮੁੜਕੇ ਦਸਦੇ ਹਾਂ ਸਾਰਾ ਹਾਲ ਭਾਈਓ ' ਯਾਦ ਰਖਣਾਂ ਐਂਵੇ ਭੁਲਾਵਨਾਂ ਨਾਂ "
ਸੋਹਣਾਂ ਵਕਤ ਜੇ ਵਕਤ ਸਿਰ ਵਕਤ ਲਭਾ ' ਵਕਤ ਸਾਂਭਣਾਂ ਵੀਰੋ ਗਵਾਵਨਾਂ ਨਾਂ "

---

ਸਾਡੇ ਦੁਖਾਂ ਵਿਚੋਂ ਦੁਖ ਵੰਡੈਣ ਵਾਲੇ ' ਕੇਹੀ ਦਿਤੀ ਨਸੀਬਾਂ ਨੇ ਹਾਰ ਸਾਨੂੰ "
ਮੁਦਤ ਗੁਜ਼ਰ ਚੁਕੀ ਦੁਖ ਸੈਂਹਦਿਆਂ ਨੂੰ ' ਮਿਲਿਆ ਅਜ ਜ਼ਮਾਨੇ ਦਾ ਯਾਰ ਸਾਨੂੰ "
ਗੁੱਝੀ ਮਰਜ਼ ਵਿਚੇ ਵਿੱਚ ਜ਼ੋਰ ਪਾਇਆ ' ਸਾਰਾ ਹਿੰਦ ਹੀ ਦਿਸੇ ਬੀਮਾਰ ਸਾਨੂੰ "
ਬੜੀ ਦੂਰ ਦਰਾਜ਼ ਤਕ ਨਜ਼ਰ ਮਾਰੀ ' ਲਭੀ ਮਰਜ਼ ਫਰੰਗੀ ਸ੍ਰਕਾਰ ਸਾਨੂੰ "
ਮੁਲਕੋਂ ਕਢ ਮਾਰੇ ਦੂਜੇ ਦੇਸ਼ ਅੰਦਰ ' ਕੀਤਾ ਚੀਨ ਮਚੀਨ ਖ਼ੁਆਰ ਸਾਨੂੰ "
ਆਏ ਮਿਰਕਣ ਕਨੇਡੇ ਦੇ ਹੌਂਸਲੇ ਤੇ ' ਪੈਸਾ ਖਰਚ ਆਇਆ ਬੇ ਸ਼ੁਮਾਰ ਸਾਨੂੰ "
ਮਿਰਕਣ ਬੰਦ ਹੋਗਈ ਹਿੰਦੋਸਤਾਨੀਆਂ ਨੇ ' ਅਤੇ ਫੇਰਿਆ ਕਨੇਡੇ ਦਾ ਬਾਰ ਸਾਨੂੰ "

Sri Satguru Jagjit Singh Ji eLibrary NamdhariElibrary@gmail.com

ਕਈ ਵਾਰ ਅਮਰੀਕਾ ਨੇ ਆਖਿਆ ਸੀ ' ਉਠੋ ਹਿੰਦੀਓ ਸੈਨਤਾਂ ਮਾਰ ਸਾਨੂੰ "
ਸਮਝੀ ਇਕ ਨਾਂ ਅਸਾਂ ਨਿਮਾਣਿਆਂ ਨੇ ' ਅਕਲ ਸੈਨਤਾਂ ਦੀ ਮਧਮ ਕਾਰ ਸਾਨੂੰ "
ਮੁੜ ਮੁੜ ਔਂਦੇ ਸਾਂ ਫੇਰ ਜਾਂਵਦੇ ਸਾਂ ' ਆਵੇ ਜ਼ਰਾ ਨਾ ਸਬਰ ਕਰਾਰ ਸਾਨੂੰ "
ਬੁਰੇ ਹਾਲ ਅੰਦਰ ਭਾਵੇਂ ਦੁਖੀ ਫਿਰਦੇ ' ਲਗੇ ਨੇਕ ਦਿਲ ਤਾਂ ਭੀ ਸ੍ਰਕਾਰ ਸਾਨੂੰ "
ਖਬਰ ਨਹੀਂ ਕਿਓਂ ਗਿਰ ਗਈ ਮਤ ਸਾਡੀ ' ਕੀਤਾ ਵੱਸ ਕਿਕੂੰ ਮੰਤਰ ਮਾਰ ਸਾਨੂੰ "
ਤਾਂਹੀ ਪਤਾ ਲਗਾ ਭੈੜੇ ਮਰਜ਼ ਵਾਲਾ ' ਜਦੋਂ ਫੁਟ ਆਇਆ ਜਿਸਮੋਂ ਬਾਹਰ ਸਾਨੂੰ "
ਭੁਲ ਦਾਓ ਚਾਲਾਕ ਦੇ ਨਾਲ ਲਾਇਆ ' ਕੀਤਾ ਕਾਬੂ ਫਰੰਗ ਮਦਾਰ ਸਾਨੂੰ "
ਮਿੱਠਾ ਬੋਲਨਾਂ ਤੇ ਗੁੱਝਾ ਘਾਤ ਕਰਨਾਂ ' ਭੈੜੀ ਲੱਭੀ ਅਗ੍ਰੇਜ਼ੀ ਸ੍ਰਕਾਰ ਸਾਨੂੰ "
ਰੁਲਦੇ ਰੁਲਦਿਆਂ ਨੂੰ ਮੁੱਦਤ ਗੁਜ਼ਰ ਗਈ ਸੀ ' ਮਿਲਿਆ ਨਹੀਂ ਸੀ ਕੋਈ ਗ਼ਮਖਾਰ ਸਾਨੂੰ "
ਪੈਸਾ ਇਕ ਨਾਂ ਸੀ ਪੱਲੇ ਖਰਚਣੇ ਨੂੰ ' ਨਾਂ ਕੋਈ ਦਿਸਦਾ ਸੀ ਮਦਦ ਗਾਰ ਸਾਨੂੰ "
ਕਿਸਮਤ ਫਿਰੀ ਜ਼ਮਾਨੇ ਨੇ ਗੇੜ ਲਾਇਆ ' ਕੀਤੀ ਆਪ ਕ੍ਰਿਪਾ ਕਰਤਾਰ ਸਾਨੂੰ "
ਚਲੋ ਹਿੰਦੀਓ ਚਲੋ ਕਨੇਡੜੇ ਨੂੰ ' ਕਿਹਾ ਸਿੰਘ ਗੁਰਦਿਤ ਸ੍ਰਦਾਰ ਸਾਨੂੰ "
ਦੁਖੀ ਸੁਖੀ ਪੈਸਾ ਪੈਸਾ ਜਮਾ ਕਰਕੇ ' ਕੀਤਾ ਸਾਰਿਆਂ ਤਾਈਂ ਤਯਾਰ ਸਾਨੂੰ "
ਭਾਲੇ ਸਤਰ ਹਜ਼ਾਰ ਨੂੰ ਬੋਟ ਲੈਕੇ ' ਕੀਤਾ ਸਾਰਿਆਂ ਨੂੰ ਅਸਵਾਰ ਸਾਨੂੰ "
ਜਿਸਦੀ ਖੁਸ਼ੀ ਆ ਚੜ੍ਹੇ ਬੇਖੌਫ ਹੋਕੇ ' ਕਿਹਾ ਸਿੰਘ ਗੁਰਦਿਤ ਲਲਕਾਰ ਸਾਨੂੰ "
ਨਾਲੇ ਦੇਖਨਾਂ ਜੇ ਕਦਰ ਆਪਣੀ ਨੂੰ ' ਕਿਵੇਂ ਜਾਣੇ ਅੰਗ੍ਰੇਜ਼ੀ ਸ੍ਰਕਾਰ ਸਾਨੂੰ "
ਜਦੋਂ ਤੁਰਨ ਲਗੇ ਔਕੜ ਪੇਸ਼ ਆਈ ' ਕਾਣ੍ਹੀ ਅੱਖ ਦਿਸ ਪਈ ਦਗ਼ੇਦਾਰ ਸਾਨੂੰ "
ਅਗੋਂ ਜਾਵਣੇ ਤੋਂ ਸਾਨੂੰ ਰੋਕ ਦਿਤਾ ' ਇਹ ਬਦਮਾਸ਼ ਕੀਤਾ ਪੈਹਲਾ ਵਾਰ ਸਾਨੂੰ "
ਪਕੜ ਲਿਆ ਸ੍ਰਦਾਰ ਗੁਰਦਿਤ ਸਿੰਘ ਨੂੰ ' ਬੜੇ ਸਵਾਲ ਕੀਤੇ ਪੇਚਦਾਰ ਸਾਨੂੰ "
ਕੀਤੇ ਯਤਨ ਡੋਬਣ ਦੇ ਹਿੰਦੀਆਂ ਨੂੰ ' ਦਿਸ ਪਈ ਬਦਮਾਸ਼ ਦੀ ਕਾਰ ਸਾਨੂੰ "
ਨਹੀਂ ਡੋਲਣਾਂ ਹਿੰਦੀਓ ਸਬੂ ਕਰਨਾ ' ਕਿਹਾ ਸਿੰਘ ਹੁਰਾਂ ਥਾਪੀ ਮਾਰ ਸਾਨੂੰ "
ਠੀਕ ਜਾਵਸਾਂ ਵਿੱਚ ਕਨੇਡੇ ਦੇ ਇਕ ਵਾਰੀ ' ਕੀਤੇ ਸ਼ੇਰ ਇਹ ਕੌਲ ਕਰਾਰ ਸਾਨੂੰ "
ਆਖਰ ਰਵਾਂ ਹੋਇਆ ਬੇੜਾ ਹਿੰਦੀਆਂ ਦਾ ' ਖੜਕਨ ਲੱਗ ਪਈ ਤਾਰ ਪੁਰ ਤਾਰ ਸਾਨੂੰ "
ਬੁਰੇ ਹਾਲ ਮਹੀਨੇ ਦੇ ਬਾਦ ਜਾਕੇ ' ਆਯਾ ਨਜ਼ਰ ਕਨੇਡੇ ਦਾ ਬਾਰ ਸਾਨੂੰ "
ਅਗੋਂ ਰੰਗ ਮੇਲਾ ਵਾਸਤੇ ਹੋਰ ਦੇਖੇ ' ਦੁਖ ਮਿਲਨ ਲੱਗੇ ਬੇ ਸ਼ੁਮਾਰ ਸਾਨੂੰ "
ਦੋ ਤਿਨ ਮੀਲ ਸ਼ੈਹਰੋਂ ਬਾਹਰ ਖੜਾ ਕੀਤਾ ' ਪਹਰੇ ਖੂਬ ਲਾਏ ਬੇ ਸ਼ੁਮਾਰ ਸਾਨੂੰ "
ਉਤਰ ਸਕਦੇ ਨਾਂ ਖੂਬ ਕੈਦ ਕੀਤੇ ' ਪਾਣੀ ਵਿੱਚ ਪੱਕੇ ਜਿੰਦੇ ਮਾਰ ਸਾਨੂੰ "
ਲਗੀ ਖਬਰ ਕਨੇਡੇ ਦੇ ਹਿੰਦੀਆਂ ਨੂੰ ' ਆਏ ਮਿਲਣ ਹੋ ਤਯਾਰ ਬ ਤਯਾਰ ਸਾਨੂੰ "

Sri Satguru Jagjit Singh Ji eLibrary NamdhariElibrary@gmail.com

ਕਰਕੇ ਬੋਟ ਕਰਾਏ ਤੇ ਵੀਰ ਸਾਡੇ ' ਆਏ ਮਿਲਣ ਸਮੁੰਦ੍ਰ ਵਿਚ ਕਾਰ ਸਾਨੂੰ "
ਔਂਦੇ ਦੇਖ ਭਰਾਵਾਂ ਨੂੰ ਜੋਸ਼ ਆਇਆ ' ਜਿਸਨੇ ਖੂਨ ਆਇਆ ਜੋਸ਼ ਮਾਰ ਸਾਨੂੰ "
ਭਾਰਤ ਵਰਸ਼ ਦੇ ਨਾਮ ਦੇ ਮਾਰ ਨਾਹਰੇ ' ਦੋਹੇਂ ਰਹੇ ਸਨ ਜੈਕਾਰਾਂ ਮਾਰ ਸਾਨੂੰ "
ਪਕੜ ਲਏ ਪੁਲੀਸ ਦੇ ਬੋਟਾਂ ਨੇ ਆ ' ਖਬਰ ਨਹੀਂ ਸੀ ਕੀ ਇਸਰਾਰ ਸਾਨੂੰ "
ਬਾਤਚੀਤ ਨਹੀਂ ਕਰਨ ਦਾ ਹੁਕਮ ਤੁਆਨੂੰ ਏ ਕਿਹਾ ਗੋਰੇ ਹਾਕਾਂ ਮਾਰ ਸਾਨੂੰ "
ਅਸੀਂ ਪੁਛਿਆ ਅਸਾਂ ਕੀ ਖੂਨ ਕੀਤਾ ' ਕਰੜਾ ਹੁਕਮ ਕਿਉਂ ਲਾਇਆ ਸ੍ਰਕਾਰ ਸਾਨੂੰ "
ਚੁਪ ਰਹੋ ਬਦਮਾਸ਼ ਜਵਾਬ ਆਖਾ ' ਆਹ ! ਛਿੜਗਏ ਦਿਲਾਂ ਵਿਚੋਂ ਤਾਰ ਸਾਨੂੰ "
ਭਲਾ ਕਰ ਕੀ ਸਕਦੇ ਸਾਂ ਫਸ ਵੇਲੇ ' ਸ਼ੇਰ ਬੰਦ ਸਾਂ ਜਿੰਦਰੇ ਮਾਰ ਸਾਨੂੰ "
ਸਕੇ ਨਹੀਂ ਜਾਂ ਦੇ ਦੇਸ ਹੱਦ ਵਿਚੋਂ ' ਜਿਸੇ ਜ਼ੁਲਮ ਦੇ ਔਨ ਆਸਾਰ ਸਾਨੂੰ "
ਬੋਟ ਪਕੜ ਲੈ ਗਏ ਭਾਈਆਂ ਔਂਦਿਆਂ ਦਾ ' ਸਾਂਹੀ ਜਾਂਦਿਆਂ ਨੂੰ ਗਏ ਮਾਰ ਸਾਨੂੰ "
ਨਾਂ ਓਹ ਮਿਲੇ ਨਾਂ ਕੀਤੀਆਂ ਮੂਲ ਗਲਾਂ ' ਰਹੇ ਦਿਲਾਂ ਦੇ ਦਿਲੀ ਗੁਬਾਰ ਸਾਨੂੰ "
ਘੇਰ ਬਿਨਾਂ ਕਸੂਰ ਦੇ ਬੰਦ ਕੀਤੇ ' ਸ਼ੈਦ ਸਮਝਿਆ ਕੀ ਡਾਕੇ ਮਾਰ ਸਾਨੂੰ "
ਨਾਂ ਕੋਈ ਪੁਛਦਾ ਤੇ ਨਾਂ ਕੋਈ ਦਸਦਾ ਸੀ ' ਜਿਸੇ ਜ਼ੁਲਮ ਦਾ ਅੰਧ ਗੁਬਾਰ ਸਾਨੂੰ "
ਆਖਰ ਤੋਰ ਦਿਕੋਟ ਗੋਰਿਓਂ ਲਿਆ ਬੇੜਾ ' ਅਧੀ ਰਾਤ ਨਾਲੀ ਪੰਦ੍ਰ ਕਾਰ ਸਾਨੂੰ "
ਨਾਂ ਕੁਝ ਪੁਛਿਆ ਹਾਲ ਨਿਮਾਣਿਆਂ ਦਾ ' ਦਸਣ ਨਹੀਂ ਜੈਂਦੇ ਲੇ ਕਿਸ ਬਾਰ ਸਾਨੂੰ "
ਦੂਜੇ ਰੋਜ਼ ਵੈਨਕੋਵਰ ਆਣ ਪੌਹਿਚੇ ' ਦੂਰ ਖੜ੍ਹ ਕੀਤਾ ਬਾਹਰ ਵਾਰ ਸਾਨੂੰ "
ਪੰਜ ਸਤ ਹਜ਼ਾਰ ਗਜ਼ ਫਾਸਲੇ ਤੇ ' ਕੀਤਾ ਬੰਦ ਪਾਣੀ ਵਿਚ ਕਾਰ ਸਾਨੂੰ "
ਪਹਰੇ ਵਿਚ ਜਹਾਜ਼ ਦੇ ਵਾੜ ਦਿਤੇ ' ਬਾਹਰ ਬੋਟ ਲਾਏ ਪਹਿਰੇਦਾਰ ਸਾਨੂੰ "
ਕਿਸ ਨੂੰ ਦਸੀਏ ਦਿਲਾਂ ਦਾ ਹਾਲ ਘੋਰ ' ਕੋਈ ਪੁਛਦਾ ਨਾਂ ਗਮਖ੍ਵਾਰ ਸਾਨੂੰ "
ਬਾਤ ਚੀਤ ਕਰਨੋਂ ਸਾਨੂੰ ਬੰਦ ਕੀਤਾ ' ਖੂਬ ਟਕਰੀ ਨੇਕ ਸ੍ਰਕਾਰ ਸਾਨੂੰ "
ਬੇੜੀ ਵਿਚੋਂ ਆਕੇ ਕੋਈ ਨਹੀਂ ਮਿਲਸੀ ' ਕਿਹਾ ਹਿੰਦੀਓ ਤੁਸਾਂ ਲਲਕਾਰ ਸਾਨੂੰ "
ਕੰਢੇ ਜਾਉਣੇ ਦਾ ਘੋਰ ਹੁਕਮ ਨਹੀਂ ' ਲਾਇਆ ਹੁਕਮ ਕਰੜਾ ਸ੍ਰਕਾਰ ਸਾਨੂੰ "
ਪਾਣੀ ਆਨ ਮੁਕਾ ਲੰਗਰ ਮਸਤ ਹੋਇਆ ' ਕੋਈ ਪੁਛਦਾ ਨਾਂ ਖਬਰ ਸਾਰ ਸਾਨੂੰ "
ਪਾਣੀ ਪੀਣ ਨੂੰ ਨਾਂ ਅੰਨ ਖਾਣ ਨੂੰ ਨਾਂ ' ਰਿਹਾ ਮਸਤ ਲੰਗਰ ਦਿਨ ਚਾਰ ਸਾਨੂੰ "
ਘੋਰ ਵਿਚੋਂ ਪ੍ਰਦੇਸ ਦੇ ਸੁਰਤ ਆਵੇ ' ਫਾਕੇ ਦਟਣੇ ਪਏ ਕਈ ਚਾਰ ਸਾਨੂੰ "
ਪਏ ਦੁਖ ਤੇ ਦੁਖ ਹਜ਼ਾਰ ਸੈਂਹਿਦੇ ' ਆਹ ! ਬਿਨਾਂ ਘੋਰ ਮਦੱਦ ਗਾਰ ਸਾਨੂੰ "
ਨਾਂ ਤੇ ਆਪ ਦਿੰਦੇ ਤੇ ਨਾਂ ਲੈਣ ਦਿੰਦੇ ' ਰਾਸ਼ਨ ਭਾਈਆਂ ਤੇ ਨਗਰ ਨ ਸਰਦਾਰ ਸਾਨੂੰ "
ਰਾਸ਼ਨ ਹਿੰਦੀਆਂ ਦਾ ਗਦਰ ਗ੍ਰੰਥ ਦੇਵੇਂ ਹਥੀਂ ਆਪ ਹੀ ਦਾਨ ਕਰੇ ਪਯਾਰ ਸਾਨੂੰ "

Sri Satguru Jagjit Singh Ji eLibrary NamdhariElibrary@gmail.com

ਜਿਦੋਂ ਤੋਹ ਨਾਂ ਜੇ ਵਿਚੋਂ ਫੈਲ ਕੇ ਵਰ ' ਜ਼ਾਲਮ ਠੀਕ ਇਦੇ ਭੁਖੇ ਮਾਰ ਸਾਨੂੰ "

ਵੰਗਾ ਕੁਕੜਾਂ ਦੇ ਸਾਨੂੰ ਬੰਦ ਕੀਤਾ ' ਸ਼ਾਇਦ ਸਮਝਿਆ ਈ ਵਫ਼ਦਾਰ ਸਾਨੂੰ

ਇਕ ਦਿਨ ਦੇਹ ਰਾਸ਼ਨ ਸਤ ਦਿਨ ਬੰਦ ਰਖਣ ਦਿਦੇ ਦੁਖ ਦੇ ਤਰਸ ਹਜ਼ਾਰ ਸਾਨੂੰ "

ਜਿਠੀ ਭੇਜਦੇ ਤਾਂ ਬਾਹਰ ਨਹੀਂ ਦਿੰਦੇ ' ਪਾੜ ਦੇਂਦੇ ਨੇ ਭੁਲ ਗਈ ਵਿਹਾਰ ਸਾਨੂੰ "

ਨਾਲੇ ਵਿਚੋਂ ਅਖਬਾਰਾਂ ਦੇ ਲਿਖਣ ਝੂਠ ' ਬੜੇ ਖੁਸ਼ੀ ਹਨ ਤਿਆਰ ਬਰ ਤਿਆਰ ਸਾਨੂੰ "

ਰੋਲਾ ਪੈਣ ਆਖਣ ਜਿਦੀ ਕਰਨ ਕੂਣ ਕੇ ' ਵਿਚੇ ਵਿਚ ਦਿਤਾ ਭੁਖੇ ਮਾਰ ਸਾਨੂੰ "

ਖੋਰੇ ਰੋਸ ਕਾਨੂੰਨ ਇਨਸਾਫ ਕੂੜ ਨਾਂ ' ਰਖੀ ਕਰਨ ਦਿਨ ਰਾਤ ਬਸਿਆਰ ਸਾਨੂੰ "

ਇਕ ਦਿਨ ਗੀਦੜਾਂ ਗੁਰਿਆ ਜ਼ਾਲਮਾਂ ਨੇ ' ਲਗੀ ਮੂਲ ਨਹੀਂ ਖਬਰ ਸਾਰ ਸਾਨੂੰ "

ਅਧੀ ਰਾਤ ਵੇਲੇ ਧਾਵਾ ਉਠ ਕੀਤਾ ' ਦੇਂਦੇ ਛਡਣ ਨਹੀਂ ਦੇਣ ਮਾਰ ਸਾਨੂੰ "

ਅਸੀਂ ਕਿਹਾ ਮੁੜ ਜਾਵਾਂਗੇ ਦੇਵੋ ਰਾਸ਼ਨ ' ਸਾਰੇ ਕਰੋ ਖਾਂ ਕੌਲ ਅਕਰਾਰ ਸਾਨੂੰ "

ਕੌਣ ਸੁਣਦਾ ਅਸਾਂ ਨਿਮਾਣਿਆਂ ਦੀ ' ਲਗੇ ਕਰਨ ਸਿਰ ਤੇ ਮਾਰੋ ਮਾਰ ਸਾਨੂੰ

ਫੌਜੀ ਤੁਰ ਸੀ ਚੰਦੇ ਤੇ ਰਾਤ ਅਧੀ ' ਸ਼ਸਤ੍ਰ ਪੈਹਨਿਆ ਏ ਕਰਨ ਬਾਹਰ ਸਾਨੂੰ

ਅਸੀਂ ਸਮਝਿਆ ਮਰਨ ਭੁਖੇ ਰੜ ਹੇ ' ਮਤਾਂ ਦੇਣਗੇ ਏਹ ਹਥੀਂ ਮਾਰ ਸਾਨੂੰ "

ਕਿਵੇਂ ਪੈ ਤੁਸਾਂ ਹੋ ਰਾਸ਼ਨ ਦੇਣ ਹੈ ਨਹੀਂ ' ਲੈਮਾਂ ਪੀਪ ਦਾ ਪਾਨ ਵਿਚ ਕਰ ਸਾਨੂੰ "

ਇਕ ਭੁਖ ਪਿਆਸ ਦੇ ਚੂਰ ਕੀਤੇ ' ਹੋਰ ਦੁਖ ਪੈਂਗਏ ਬੇ ਸ਼ੁਮਾਰ ਸਾਨੂੰ "

ਜੇੜ੍ਹਾ ਹਥੀ ਦਬਾਸੀਆ, ਹਥਕਿਨਸਨ, ਅਗੋਂ ਹੋਇਆ ਕਹੇ ਲਲਕਾਰ ਸਾਨੂੰ "

ਅਜੇ ਤੇ ਖਾਤਮਾ ਹੋਇਗਾ ਇਸੀ ਥਾਂ ਮੇਂ ' ਹਥੀਂ ਆਪ ਪੈਂਦਿਸੀ ਗੋਲੀ ਮਾਰ ਸਾਨੂੰ "

ਜਦੋਂ ਵਿਚ ਦਰਵਾਜ਼ੇ ਦੇ ਵੜਨ ਲਗੇ ' ਦਿਤੇ ਰੋਕ ਮਤਾਂ ਕੁਸਨ ਖੁਆਰ ਸਾਨੂੰ "

ਸਾਡੇ ਹਥ ਖਾਲੀ ਓਨਾਂ ਕੋਲ ਸ਼ਸਤ੍ਰ ' ਆਏ ਮਾਰਨੇ ਨੂੰ ਨਮਤ ਧਾਰ ਸਾਨੂੰ "

ਅਸੀਂ ਸੋਚਿਆ ਮਰੇ ਤੁਹ ਦੇਂਗੀ ਪਾਸੀ ' ਜੇ ਨਾਂ ਲੜੇ ਤਾਂ ਭੀ ਦੇਸਨ ਮਾਰ ਸਾਨੂੰ "

ਏਹੋ ਸੋਚ ਕੇ ਖਾਲਸਾ ਤਿਆਰ ਹੋਇਆ ਕਰਨੇ ਕੋਲਿਆਂ ਦੇ ਪਏ ਵਾਰ ਸਾਨੂੰ "

ਜਿਦ, ਸਿਖ, ਉਠੇ ਬਚੇ ਗਾਜ਼ੀਆਂ ਦੇ ' ਖੋਰੇ ਖੂਨ ਆਇਆ ਜੋਸ਼ ਮਾਰ ਸਾਨੂੰ "

ਉਠੇ ਸ਼ੇਰ ਜਵਾਨ ਪਠਾਣ ਬਾਂਕੇ ' ਅਗੋਂ ਹੈ ਲੜਦੇ ਧਕੇ ਮਾਰ ਸਾਨੂੰ "

ਆਣ ਕਠੇ ਕੀਤਾ ਤਾਹਦਫਾਇਦੀਆਂ ਨੇ ' ਕੌਮੀ ਖੂਨ ਆਯਾ ਜੋਸ਼ ਮਾਰ ਸਾਨੂੰ "

ਇਕ ਦੂਸਰੇ ਦੇ ਅਗੇ ਹੋਇ ਲੜਦੇ ' ਸਦੇ ਮੌਤ ਦੇ ਰੋਗ ਹਾਂ ਮਾਰ ਸਾਨੂੰ "

ਪੈਂਗਿਸੇ ਹਥ ਸਟੀਮ ਦੇ ਪੰਪ ਫੜੇ ' ਉਤੇ ਜਿਦੀਆਂ ਦੇ ਪੂੰਏ ਧਾਰ ਸਾਨੂੰ "

ਅਸਾਂ ਸੀਸ ਨੇ [illegible] ਤਲੀ ਉਤੇ ' ਦੇਗਿੜ ਸਕਦਾ ਸੀ [illegible] ਮਾਰ ਸਾਨੂੰ "

ਅਸੀਂ ਸੋਗਾਂ ਦੇ [illegible] ਤਿਆਰ ਹੋਏ ' ਮਿਲਿਆ ਹਥ ਸਬੱਬ ਸ਼ਿਕਾਰ ਸਾਨੂੰ "

[illegible] ' [illegible] ਸਾਨੂੰ

Sri Satguru Jagjit Singh Ji eLibrary NamdhariElibrary@gmail.com

ਅੱਗੋ ਹੋਏ ਉਹ ਗੋਲੀਆਂ ਮਾਰਦੇ ਸੱਨ । ਜੇਹੜੇ ਦਿਸਦੇ ਸਨ ਡਾਹਢੇ ਪਾਰ ਸਾਨੂੰ "
ਅਸੀਂ ਕੋਲਿਆਂ ਨਾਲ ਜਵਾਬ ਦਿਤਾ । ਨਜ਼ਰ ਆ ਗਈ ਭੇਡਾਂ ਦੀ ਡਾਰ ਸਾਨੂੰ "
ਜ਼ਖਮੀ ਹੋਏ ਗਏ ਕਈ ਜਵਾਨ ਭਾਂਵੇਂ । ਐਪਰ ਜਿੱਤ ਦਿੱਤੀ ਕਰਤਾਰ ਸਾਨੂੰ "
ਅੱਧੀ ਰਾਤ ਸਾਡੇ ਉਤੇ ਹੋਣ ਧਾਵੇਂ । ਇਸ ਗੱਲ ਦੀ ਨਹੀਂ ਸੀ ਸਾਰ ਸਾਨੂੰ "
ਵਿਚ ਸ਼ੈਹਰ ਦੇ ਵੀਰੋਨੇਂ ਪਵੇ ਰੌਲਾ । ਸਾਰਾ ਹਾਲ ਦਿਸੇ ਸੁਬਾਹ ਸਾਰ ਸਾਨੂੰ "
ਸਦੱ ਪਲਟਣਾਂ ਤਿਆਰ ਬਰ ਤਿਆਰ ਹੋ ਗਏ ਆਦਮ ਨਜ਼ਰ ਆਵੇ ਬੇ ਸੁਮਾਰ ਸਾਨੂੰ "
ਰੋਕੇ ਦਿਸਨ ਵੀਰੋ ਚਾਰੇ ਬਾਰ ਸਾਡੇ । ਦਿਸੇ ਲਸ਼ਕਰੀ ਤੇਜ਼ ਤਲਵਾਰ ਸਾਨੂੰ "
ਸਦੱ ਚੋਟ ਲੜਾਈ ਦੇ ਜਮਾ ਕੀਤੇ । ਮੌਤ ਪਈ ਤੱਕੇ ਝਾਤੀ ਮਾਰ ਸਾਨੂੰ "
ਖਬਰ ਨਹੀਂ ਕਿਥੋਂ ਆਦਮ ਟੁੱਟ ਆਯਾ । ਖੜੇ ਦੇਖਦੇ ਲੋਕ ਹਜ਼ਾਰ ਸਾਨੂੰ "
ਕਿੰਗ ਜਾਰਜ, ਤਾਂਈ ਅਸੀਂ ਤਾਰ ਭੇਜੀ । ਰੱਖ ਜਾਣਦਾ ਜੇ ਵਫਾਦਾਰ ਸਾਨੂੰ "
ਤਾਰਾਂ ਭੇਜੀਆਂ ਡੀਉਕ ਕਨਾਟ ਵਲੇ । ਅਸੀਂ ਮਰਦੇ ਹਾਂ ਬਿਨਾਂ ਮਦਦਗਾਰ ਸਾਨੂੰ "
ਅਸੀਂ ਸੋਚਾਂਗੇ ਤੁਸਾਂ ਦੀ ਗਲ ਵਲੋਂ । ਏਹ ਜਵਾਬ ਦੇਵੇ ਸ੍ਰਕਾਰ ਸਾਨੂੰ "
ਅਸੀਂ ਮਰ ਗਏ ਉਧਰ ਸੋਚ ਹੋਵੇ । ਬਸ ਦਿਸ ਪਏ ਭੈੜੇ ਆਸਾਰ ਸਾਨੂੰ "
ਅਸੀਂ ਤਾਰ ਪਰ ਤਾਰ ਖੜਕੌਣ ਲੱਗੇ । ਅਜ ਸਾਂਭੇ ਅਗ੍ਰੇਜ਼ੀ ਸ੍ਰਕਾਰ ਸਾਨੂੰ "
ਹਮੇ ਤੇ ਕੁਛ ਨਹੀਂ ਕਰ ਸਕਦੇ ਮਦਦ ਤੁਮਰੀ ਏਹ ਜਵਾਬ ਆਯਾ ਆਖਰ ਕਾਰ ਸਾਨੂੰ "
ਘੋਰ ਕਿਹਾ ਅੰਧੇਰੀ ਨੇ ਜ਼ੋਰ ਪਾਇਆ । ਚਾਰੋਂ ਤਰਫ ਦਿਸੇ ਧੁੰਦੂਕਾਰ ਸਾਨੂੰ "
ਹਰ ਇੱਕ ਤਰਫ ਤਿਆਰੀਆਂ ਮਰਨੇ ਦੀਆਂ ਕੋਈ ਦਿਸਦਾ ਨਹੀਂ ਮਦਦਗਾਰ ਸਾਨੂੰ "
ਲੱਖਾਂ ਕਟੱ ਮੁਸੀਬਤਾਂ ਅਸੀਂ ਆਏ । ਅੱਗੇ ਦੁਖ ਤੇ ਦੁਖ ਹਜ਼ਾਰ ਸਾਨੂੰ "
ਜਿਸ ਦੀ ਲਈ ਜਾਨਾਂ ਵੇਚ ਰਹੇ ਲੜਦੇ । ਭੁੱਲ ਗਈ ਅੰਗ੍ਰੇਜ਼ੀ ਸ੍ਰਕਾਰ ਸਾਨੂੰ "
ਤੋਪਾਂ ਬੀੜੀਆਂ ਅਸਾਂ ਨਿਰ ਦੋਸ਼ਿਆਂ ਤੇ । ਦਿੰਦੇ ਦੁੱਖ ਡਾਹਢੇ ਸਿਤਮਗਾਰ ਸਾਨੂੰ "
ਅਸੀਂ ਤਿਨ ਸੌ ਬਿਨਾਂ ਹਥਿਆਰ ਹਿੰਦੀ । ਮਾਰਨ ਆ ਗਏ ਕਈ ਹਜ਼ਾਰ ਸਾਨੂੰ "
ਕੇਹੜਾ ਜਾਣਿਆਂ ਸੀ ਸਾਨੂੰ ਮੋੜ ਦਿੰਦਾ । ਗਵਰਮਿੰਟ ਹੁੰਦੀ ਮਦਦਗਾਰ ਸਾਨੂੰ "
ਤਾਕਤ ਕੀ ਸੀ ਕਨੇਡੇ ਦੇ ਬੋਲਣੇ ਦੀ । ਜੇ ਫਰੰਗ ਨਾਂ ਕਰਦਾ ਖੁਆਰ ਸਾਨੂੰ "
ਮੁੜਾਂ ਅਜੇ ਭੇਦ ਸਾਰਾ ਜ਼ਾਹਰ ਹੋਇਆ । ਦੇਵੇ ਦੁੱਖ ਏਹ ਆਪ ਬਦਕਾਰ ਸਾਨੂੰ "
ਕਾਬਲ ਵਿਚੋਂ ਭਾਈਆਂ ਨਾਲ ਅਸੀਂ ਲੜਦੇ ਭੁੱਲੀ ਨਹੀਂ ਚਤਰਾਲ ਦੀ ਵਾਰ ਸਾਨੂੰ "
ਅਸੀਂ ਚੀਨ ਅਫਰੀਕਾ ਨੂੰ ਫਤੇ ਕੀਤਾ । ਸਾਡੇ ਕਰਤਬਾਂ ਨੇ ਲਿਆ ਮਾਰ ਸਾਨੂੰ "
ਭਾਈਆਂ ਨਾਲ ਲੜਕੇ ਅਸੀਂ ਵੈਰ ਪਾਇਆ ਭਰਨੀ ਪਈ ਕੀਤੀ ਸਾਡੀ ਕਾਰ ਸਾਨੂੰ "
[illegible] ਵੈਰ ਕੀਤਾ । ਜ਼ਾਲਮ ਨਜ਼ਰ ਆਇਆ ਦਗੇਦਾਰ ਸਾਨੂੰ "

Sri Satguru Jagjit Singh Ji eLibrary NamdhariElibrary@gmail.com

ਖੂਨ ਸੁਕਿਆ ਨਹੀਂ ਸਾਡਾ ਜ਼ਿਮੀਂ ਉਤੋਂ । ਪਏ ਦੁਖ ਜੀ ਬੇ ਸ਼ੁਮਾਰ ਸਾਨੂੰ ॥
ਜਾਨਾਂ ਦੇਵ ਬੈਠੇ ਯਾਰੇ ਭੈਣ ਭਾੜੇ । ਵੀਰੋ ਅਜ ਲਗੀ ਖਬਰ ਸਾਰ ਸਾਨੂੰ "
ਯਾਰੇ ਜੀਊਣੇ ਦਾ ਫਾਇਦਾ ਹਕ ਸਾਡਾ । ਦੂਰੇ ਦੂਰੇ ਕਰਦਾ ਸਨਸਾਰ ਸਾਨੂੰ "
ਸਾਡਾ ਹਕ ਕੀਏ ਮੁਲਕਾਂ ਦੂਜਿਆਂ ਦੇ । ਮੁਲਕ ਵਿਚ ਲਗਣ ਧਕੇ ਚਾਰ ਸਾਨੂੰ "
ਆਪੇ ਕਰੇ ਇਜ਼ਤ ਸਾਰਾ ਜਗ ਸਾਡੀ । ਮੁਲਕੀ ਰਾਜ ਹੋਵੇ ਖੁਦ ਮੁਖਤਾਰ ਸਾਨੂੰ "
ਸਾਡਾ ਰਾਜ ਹੋਵੇ ਸਾਡਾ ਭਾਗ ਹੋਵੇ । ਫੇਰ ਕਰੇ ਹਰ ਇਕ ਕਿਉਂ ਨਾ ਪਿਆਰ ਸਾਨੂੰ "
ਫੈਦਾ ਨਹੀਂ ਦੂਜੇ ਦੇਸੀ ਆਉਣੇ ਦਾ । ਲਗੀ ਅਜ ਹੈ ਠੀਕ ਵਿਚਾਰ ਸਾਨੂੰ "
ਪੈਸਾ ਬਹੁਤ ਯਾਰੋ ਸਾਡੇ ਦੇਸ਼ ਅੰਦਰ । ਲੁਟੀ ਜਾਵੇ ਫਰੰਗੀ ਸਰਕਾਰ ਸਾਨੂੰ "
ਵਿਦਵਾਨ ਰੁਲਦੇ ਜੇਲਾਂ ਵਿਚ ਸਾਡੇ । ਕਰਨੀ ਮਿਲੇ ਨਾ ਹਾਲ ਪੁਕਾਰ ਸਾਨੂੰ "
ਲਖਾਂ ਜ਼ੋਰ ਕੀਤੇ ਖਾੜੂ ਦੁਸ਼ਮਣਾਂ ਦੀ । ਤਾਂ ਹੀ ਪਈ ਬਾਜ਼ੀ ਵਿਚੋਂ ਹਾਰ ਸਾਨੂੰ "
ਜੇ ਕਰ ਬੋਲਦੇ ਹਾਂ ਬਾਗ਼ੀ ਕਹਿਣ ਸਾਨੂੰ । ਜ਼ਰਾ ਪੁਛਦੇ ਨਹੀਂ ਖਬਰ ਸਾਰ ਸਾਨੂੰ "
ਭੁਖੇ ਮਰਦੇ ਹਾਂ ਕਾਲ ਪਲੇਗ ਪਾਈ । ਕਰਦੇ ਦੇਸ਼ ਪਰਦੇਸ਼ ਖੁਆਰ ਸਾਨੂੰ "
ਹਿੰਦੋਸਤਾਨੀਓਂ ਹੁਣ ਕੇਹੀ ਦੇਰ ਲਾਈ । ਦੁਸ਼ਮਣ ਕਈ ਕਰ ਚੁਕਾ ਹੈ ਵਾਰ ਸਾਨੂੰ "
ਚਲੋ ਗਦਰ ਕਰੀਏ ਚਲ ਮੁਲਕ ਅੰਦਰ । ਲਗੀ ਅਜ ਪੰਜਾਬੀਓ ਸਾਰ ਸਾਨੂੰ "
ਮਾਰ ਮਾਰ ਭੁਗਾਵਾਂ ਦੇ ਪਾਣ ਲਾਹੇ । ਆਈ ਜ਼ਰਾ ਨਾ ਸੋਚ ਵਿਚਾਰ ਸਾਨੂੰ "
ਖਾ ਖਾ ਗੋਲੀਆਂ ਲੜੇ ਫਰੰਗੀ ਬਦਲੇ । ਯਾਰੋ ਲਿਆ ਭੁਲੇਖੇ ਨੇ ਮਾਰ ਸਾਨੂੰ "
ਪੜ੍ਹਨੇ ਸੁਣਨ ਵਾਲੇ ਹਿੰਦੋਸਤਾਨ ਵੀਰੋ । ਕੋਈ ਦਸੋ ਖਾਂ ਨੇਕ ਵਿਚਾਰ ਸਾਨੂੰ "
ਕਸਮਾਂ ਖਾਲੀਆਂ ਅਸਾਂ ਨੇ ਬੈਠ ਗੋਸ਼ੇ । ਕਰਨਾ ਪਵੇਗਾ ਯੁਧ ਬਲਧਾਰ ਸਾਨੂੰ "
ਆਓ ਹਿੰਦੀਓ ਰਲਕੇ ਗਦਰ ਕਰੀਏ । ਹੋਣਾ ਗਦਰ ਬਿਨ ਨਹੀਂ ਛੁਟਕਾਰ ਸਾਨੂੰ "

---

ਸਾਡੇ ਵੀਰੋ ਨੇਂ ਤੁਸਾਂ ਬੇ ਖਤਰ ਰਹਿਣਾਂ । ਅਸੀਂ ਆਪਣੇ ਹਥ ਦਿਖਾ ਦਿਆਂਗੇ "
ਜਿਦ੍ਹੇਂ ਅਸਾਂ ਨੂੰ ਦਿਨੀਂ ਤਕਲੀਫ ਦਿਤੀ । ਫਲ ਏਸਦਾ ਅਸੀਂ ਚਖਾ ਦਿਆਂਗੇ "
ਸਿਧਾਂ ਕੀਤੀਆਂ ਅਸਾਂ ਨੇ ਦੇਸ਼ ਵਲੀ । ਚਲਕੇ ਮੁਲਕ ਅੰਦਰ ਡੇਰਾ ਲਾ ਦਿਆਂਗੇ "
ਚੁਪ ਚਾਪ ਨਹੀਂ ਬੈਠਦੇ ਦੇਖ ਲੈਣਾਂ । ਆਫਤ ਕੋਈ ਨਾਂ ਕੋਈ ਲਿਆ ਦਿਆਂਗੇ "
ਅਸੀਂ ਤਲੀ ਪਰ ਰਖਿਆ ਸੀਸ ਆਪਣਾਂ । ਕੇਰਾਂ ਹਿੰਦ ਵਿਚ ਗਦਰ ਮਚਾ ਦਿਆਂਗੇ "
ਜੀਉਂਦੀ ਜਾਨ ਨਹੀਂ ਹਟਦੇ ਪਿਛਾਂ ਕਦੇ । ਜਿਨਾਂ ਜ਼ੋਰ ਸਗੂ ਵਾਹ ਲਾ ਦਿਆਂਗੇ "
ਕਰਦੇ ਮਿਨਤ ਨਹੀਂ ਅਸੀਂ [illegible] ਕੈਹਣਾ ਮਾਰਕੇ ਮੂੰਹ ਭੁਵਾ ਦਿਆਂਗੇ "
ਧੰਨ [illegible] । [illegible] ਦਿਆਂਗੇ "

Sri Satguru Jagjit Singh Ji eLibrary NamdhariElibrary@gmail.com

ਹੁਣ ਨਹੀਂ ਵਫਾਦਾਰੀ ਵਾਲੇ ਗੀਤ ਗਾਵਣੇ 'ਹਿੰਦ ਦੇਸ਼ ਅੰਦਰ ਰੌਲਾ ਪਾ ਦਿਆਂਗੇ"
ਕੰਨੋਂ ਫੜਕੇ ਜਦੋਂ ਗੋਰੇ ਬਾਹਿਰ ਕਢੇ 'ਅਸੀਂ ਆਪਣਾ ਜ਼ੋਰ ਦਿਖਾ ਦਿਆਂਗੇ"
ਕਤਲ ਆਮ ਕੀਤੀ ਜਦ ਪਾਜੀਆਂ ਦੀ' ਤਦੋਂ ਜ਼ੁਲਮ ਦਾ ਸਬਕ ਸਖਾ ਦਿਆਂਗੇ"
ਜਬਾਂ ਕਟ ਫਰੰਗੀ ਦੀ ਸੁਟ ਦੇਈਏ 'ਕਾਲਾ ਲੋਕ ਤੁਮ ਕੌਣ ਹੈ ਹਟਾ ਦਿਆਂਗੇ"
ਜਿਨਾਂ ਅਜੇ ਸਾਡੇ ਨਾਲ ਜ਼ੁਲਮ ਹੋਇਆ ਗਿਣ ਗਿਣ ਦੂਣਿਆਂ ਨੂੰ ਥੱਕੇ ਲਾ ਦਿਆਂਗੇ"
ਸਾਨੂੰ ਕਸਮ ਸ਼ਰੀਰ ਦੀ ਹਿੰਦ ਵਾਲੇ 'ਜਿਨਾਂ ਜ਼ੁਲਮ ਹੋਇਆ ਵਟ ਲਾ ਦਿਆਂਗੇ"
ਹਿੰਦੀ ਮਰੇ ਨਹੀਂ ਹੈ ਅਜੇ ਜੀਂਦੇ ਬਾਕੀ 'ਸਾਰੇ ਜਗ ਨੂੰ ਸਾਫ ਦਖਾ ਦਿਆਂਗੇ"
ਨਹੀਂ ਬਾਪ ਦਾਦੇ ਵਾਲਾ ਖੂਨ ਸੁਕਾ 'ਵੈਰੀ ਪਤ ਫਰੰਗੀ ਨੂੰ ਲਾ ਦਿਆਂਗੇ"
ਸਾਨੂੰ ਵਿਚੋਂ ਮੈਦਾਨ ਦੇ ਖੜੇ ਸਮਝੋ 'ਪਾਜੀ ਬਕਰੇ ਵਾਂਗ ਝਟਕ ਦਿਆਂਗੇ"
ਮੁਸਲਮਾਨ ਹਿੰਦੂ ਸਿਖ ਰਲ ਸਾਰੇ 'ਬੇਈਮਾਨ ਦਾ ਤੁਖਮ ਮਟਾ ਦਿਆਂਗੇ"
ਅਸੀਂ ਜੀਉਂਦੇ ਹਾਂ ਬਚੇ ਗਾਜ਼ੀਆਂ ਦੇ 'ਬਦਲਾ ਤੁਰਕੀ ਈਰਾਨ ਦਾ ਲਾ ਦਿਆਂਗੇ"
ਮੁਸਲਮਾਨ ਹਿੰਦੂ ਜਿਵੇਂ ਪਾੜ ਮਾਰੇ 'ਜਲਦੀ ਪਤ ਫਰੰਗੀ ਨੂੰ ਲਾ ਦਿਆਂਗੇ"
ਉਠੋ ਹਿੰਦੀਓ ਤਿਆਰ ਬਰ ਤਿਆਰ ਹੋ ਜੋ 'ਅਸੀਂ ਆਪਣੀ ਡਿਊਟੀ ਵਜਾ ਦਿਆਂਗੇ"
ਦੁਖੀ ਮਿਟਣ ਵਾਲੇ ਨਹੀਂ ਦਾਗ ਸਾਡੇ 'ਕਰਕੇ ਸੁਖਨ ਜ਼ਬਾਨੋਂ ਨਭਾ ਦਿਆਂਗੇ"

## ਪਿਆਰੇ ਵਤਨ ਵਾਸੀਆਂ ਨੂੰ ਸੰਦੇਸ਼

### ਕਾਮਾਗਾਟਾ ਮਾਰੂ ਦੇ ਹਿੰਦੀਆਂ ਵਲੋਂ

ਸੁਣਿਆਂ ਹੋਵਸੀ ਤੁਸਾਂ ਨੇ ਵਤਨ ਵਾਲੇ 'ਅਸੀਂ ਲਖਾਂ ਹੀ ਕਸ਼ਟ ਉਠਾ ਗਏ ਹਾਂ"
ਰੋਟੀ ਬਾਝ ਭੁਖੇ ਪਾਣੀ ਬਾਝ ਪਿਆਸੇ 'ਆਸਣ ਸਾਗਰਾਂ ਵਿਚ ਜਮਾ ਗਏ ਹਾਂ"
ਪੈਸਾ ਲਖਾਂ ਹਜ਼ਾਰਾਂ ਹੀ ਖਰਚ ਕਰਕੇ 'ਦੁਖ ਜਾਨ ਤੇ ਸਖਤ ਉਠਾ ਗਏ ਹਾਂ"
ਬਾਹਰੋਂ ਮਿਲੇ ਧਕੇ ਮਾਰਨ ਫੌਜ ਆਈ 'ਖਾਲੀ ਹਥੋਂ ਦੇ ਹਥ ਦਖਾ ਗਏ ਹਾਂ"
ਸਦੀਆਂ ਰਹੇ ਗੁਲਾਮ ਨਾ ਤਾਣ ਟੁਟੇ 'ਸਾਰੀ ਖਲਕ ਨੂੰ ਸਬਕ ਸਖਾ ਗਏ ਹਾਂ"
ਦੁਸ਼ਮਨ ਵਾਰ ਕੀਤੇ ਰੋਕੇ ਅਸਾਂ ਸਾਰੇ 'ਜ਼ਾਲਮ ਰਾਜ ਨੂੰ ਪਰਖ ਪਰਖਾ ਗਏ ਹਾਂ"
ਕਟੀ ਭੁਖ ਪਿਆਸ ਤੇ ਸਭੇ ਫਾਕੇ 'ਸਿਰੜ ਸਬਰ ਦੇ ਬੋਲ ਕਮਾ ਗਏ ਹਾਂ"
ਲਿਆ ਪਰਖ ਕਾਨੂੰਨ ਫਰੰਗੀਆਂ ਦਾ 'ਦੁਸ਼ਮਨ ਕੰਬ ਤੇ ਹਲਚਲੀ ਪਾ ਗਏ ਹਾਂ"
ਆਖਰ ਕੂਚ ਕੀਤਾ ਪਿਆਰੇ ਵਤਨ ਵਲੋਂ 'ਗਹਿਰੇ ਸਾਗਰਾਂ ਤੇ ਚਕਰ ਲਾ ਗਏ ਹਾਂ"
ਹਿੰਦੀ ਸਮਝਦੇ ਯਾਰ ਜਾਪਾਨ ਤਾਈਂ 'ਉਸਦੇ ਵਾਰ ਤੋਂ ਅਸੀਂ ਪਛਤਾ ਗਏ ਹਾਂ"
ਸਾਡੇ [illegible] 'ਉਥੇ [illegible] ਗਏ ਹਾਂ

Sri Satguru Jagjit Singh Ji eLibrary NamdhariElibrary@gmail.com

ਮਤਾਂ ਸਮਝਕੇ ਪਾਰ ਪਿਆਰ ਕਰਗੇ ਸੇਂ 'ਕਾਲੇ ਨਾਗ ਨੂੰ ਅਸੀਂ ਸਮਝਾ ਗਏ ਹਾਂ"
ਓੜਕ ਫਲ ਦੇ ਦੁੱਖ ਮੁਸੀਬਤਾਂ ਨੂੰ 'ਭਾਰਤ ਮਾਤ ਦੀ ਗੋਦ ਵਿੱਚ ਆ ਗਏ ਹਾਂ"
ਅਬਲਾ ਨਾਰ ਮਾਤਾ ਹਿੰਦੋਸਤਾਨ ਸਾਡੀ ਦੁੱਖੀ ਦੇਖ ਕੇ ਜੋਸ਼ ਵਿੱਚ ਆ ਗਏ ਹਾਂ"
ਕੀਤਾ ਤੰਗ ਫਰੰਗ ਨੇ ਬਹੁਤ ਸਾਨੂੰ 'ਅਸੀਂ ਓਸ ਦਾ ਦਿਲ ਧੜਕਾ ਗਏ ਹਾਂ"
ਹਿੰਦੀ ਪੂਰਕ ਸੁੱਤੇ ਪਾਸਾ ਪਰਤਦੇ ਨਾਂ 'ਹਲੂਣ ਮਾਰਕੇ ਅਸੀਂ ਜਗਾ ਗਏ ਹਾਂ"
ਜ਼ਾਲਮ ਫੌਜ ਆਈ ਅਗੋਂ ਮਾਰਨੇ ਨੂੰ 'ਚਲੀ ਚਾਲ ਪਰ ਚਾਲ ਬਚਾ ਗਏ ਹਾਂ"
ਪੁਲਸ ਪਕੜਨਾਂ ਚਾਹੇ ਸਰਦਾਰ ਜੀ ਨੂੰ 'ਰੰਗ ਅਸੀਂ ਭੀ ਹੋਰ ਬਦਲਾ ਗਏ ਹਾਂ"
ਸਾਡੇ ਬਾਗ ਤੇ ਖਿਜ਼ਾਂ ਫਰੰਗ ਆਈ 'ਜੈਸਾਂ ਫੁੱਲ ਗੁਲਾਬ ਕੁਮਲਾ ਗਏ ਹਾਂ"
ਕਦੇ ਵਿੱਚ ਅਸਮਾਨ ਦੇ ਚਮਕਦੇ ਸਾਂ ਸੂਰਜ ਬਦਲੀਆਂ ਹੇਠ ਹੁਣ ਆ ਗਏ ਹਾਂ"
ਕਦੇ ਵਿੱਚ ਪੁਵਾਰ ਦੇ ਖੇਲਦੇ ਸਾਂ 'ਬਾਲ ਬੱਚੇ ਸਭ ਛੋੜ ਸਿਧਾ ਗਏ ਹਾਂ"
ਖਾਤ੍ਰ ਹਿੰਦ ਦੀ ਜ਼ਿੰਦੜੀ ਵਾਰ ਦਿਤੀ 'ਬਾਜ਼ੀ ਸਿਰਾਂ ਦੀ ਸਭ ਅਸੀਂ ਲਾ ਗਏ ਹਾਂ"
ਗਲਾਂ ਨਾਲ ਨਾਂ ਹੋਂਵਦੇ ਗਦਰ ਯਾਰੋ 'ਗਦਰ ਕਰਨ ਦੀ ਰੀਤ ਬਤਾ ਗਏ ਹਾਂ"
ਜਿਸਮ ਜਿਆਸੀ ਹਿੰਦ ਦਾ ਖੂਨ ਪੀਕੇ 'ਮਾਤ ਚਰਨਾਂ ਦੇ ਵਿੱਚ ਸਮਾ ਗਏ ਹਾਂ"
ਮੌਤ ਕੁੱਤੇ ਦੀ ਮਰਨ ਡਰਪੋਕ ਹਿੰਦੀ 'ਮੌਤ ਬਬਰ ਦੀ ਮਰਨ ਸਿਖਾ ਗਏ ਹਾਂ"
ਬਚੇ ਸ਼ੇਰ ਦੇ ਸੈਂ ਸ਼ੇਰਾਂ ਵਿੱਚ ਰਹਿੰਦੇ 'ਅੰਤ ਸ਼ੇਰ ਦੀ ਝਪਟ ਚਲਾ ਗਏ ਹਾਂ"
ਲਗਾ ਰੋਗ ਸ਼ਮਸ਼ੇਰ ਨੂੰ ਜੰਗ ਦਾ ਸੀ 'ਅੰਤ ਚਾਨ ਫਰੰਗ ਤੇ ਲਾ ਗਏ ਹਾਂ"
ਮੁਲਕ ਲੁਟਿਆ ਆਣ ਪ੍ਰਦੇਸੀਆਂ ਨੇ 'ਸੁੱਤੇ ਹਿੰਦ ਨੂੰ ਅਸੀਂ ਜਗਾ ਗਏ ਹਾਂ"
ਚਮਨ ਸੁਕਦਾ ਸੀ ਪਾਣੀ ਬਾਝ ਸਾਡਾ 'ਖੂਨ ਜਿਗਰ ਤੋਂ ਨਹਿਰ ਚਲਾ ਗਏ ਹਾਂ"
ਬੜੀ ਪਿਆਰ ਪੀਤਾ ਮਿੱਠਾ ਸ਼ੀਰ ਮਾਤਾ 'ਤੇਗੀ ਜਾਨ ਤੇ ਸ਼ਾਨ ਘੁਮਾ ਗਏ ਹਾਂ"
ਜਲਦੀ ਮਿਲੇਗੀ ਗਦਰ ਦੀ ਫੌਜ ਏਥੇ 'ਅਸੀਂ ਗਦਰ ਦਾ ਬਿਗਲ ਵਜਾ ਗਏ ਹਾਂ
ਮਰਨਾਂ ਅੰਤ ਸੀ ਅਜੇ ਨਾਂ ਕਲ ਮਰਦੇ 'ਮੌਤ ਸ਼ਾਨ ਵਾਲੀ ਅਸੀਂ ਪਾ ਗਏ ਹਾਂ"
ਉਠੋ ਗਦਰ ਦੇ ਪ੍ਰੇਮੀਓ ਬਹੁਤ ਜਲਦੀ 'ਪਿਛੋਂ ਫਿਰੋਗੇ ਨਾਂ ਵਕਤ ਵਿਹਾ ਗਏ ਹਾਂ"
ਹੋਸੀ ਮੇਲ ਨਾਂ ਤੁਸਾਂ ਦੇ ਨਾਲ ਸਾਡਾ 'ਫੇਰੇ ਜਿਸਮ ਉਡਾਰੀਆਂ ਲਾ ਗਏ ਹਾਂ"
ਤਾਜ਼ਾ ਰਖਣੇ ਜ਼ਖਮ ਨਾਂ ਸੁਕ ਜਾਵੇ 'ਸੀਨੇ ਦੁਸ਼ਮਨਾਂ ਦੇ ਜੋ ਹਿੰਦ ਲਾ ਗਏ ਹਾਂ"
ਬਹੁਤ ਚਿਰ ਤੋਂ ਵਕਤ ਉਡੀਕਦੇ ਸਾਂ 'ਗਲੇ ਵਿੱਚ ਹਾਰ ਸ਼ਹੀਦੀ ਦਾ ਪਾ ਗਏ ਹਾਂ"
ਬੱਤੀ ਕੋਟ ਵੀਰੋ ਫੇਰੇ ਦੂਰ ਸਾਡਾ 'ਜਿਵੇਂ ਤੁਸਾਂ ਦਾ ਅਸੀਂ ਦੇਹਰਾ ਗਏ ਹਾਂ"
ਜਿਸਮ ਅਸਾਂ ਦਾ ਗੋਲੀਆਂ ਨਾਲ ਭੁਗਿਆ 'ਜ਼ਾਲਮ ਹਾਰ ਦੀ ਜੜ੍ਹ ਹਲਾ ਗਏ ਹਾਂ"
[illegible] 'ਦਗਰ [illegible] ਗਏ ਹਾਂ"

Sri Satguru Jagjit Singh Ji eLibrary NamdhariElibrary@gmail.com

ਕਰਨੀ ਖਿਮਾ ਤੇ ਸਦਾ ਪ੍ਰਸ਼ਨ ਰੈਹਿਣਾਂ । ਕੋਈ ਖਤਾ ਜੇ ਅਸੀਂ ਕਮਾ ਗਏ ਹਾਂ "
ਬੋਲੋ ਗਜ ਬੰਦੇ ਮਾੜ੍ਹਮ ਅੰਤ ਵਾਰੀ । ਪ੍ਰੀਤਮ ਆਖਰੀ ਸੁਖਨ ਸੁਣਾ ਗਏ ਹਾਂ "

---

## ਸੋਚ ਵਿਚਾਰ

ਖੋਲੋ ਅੱਖੀਆਂ ਜ਼ਰਾ ਹੁਸ਼ਿਆਰ ਹੋਜੋ । ਮੁਸਲਮਾਨ ਹਿੰਦੂ ਹਿੰਦੋਸਤਾਨ ਵਾਲੇ "
ਝੂਠੇ ਝਗੜਿਆਂ ਨੇ ਸਾਡਾ ਨਾਸ਼ ਕੀਤਾ । ਗੋਰੇ ਲੁਟੱਦੇ ਪੁਤ ਸ਼ੈਤਾਨ ਵਾਲੇ "
ਕਈ ਮਸਜਦੀਂ ਬੈਠ ਗੁਜ਼ਰਾਨ ਕਰਦੇ ਕੰਮ ਜਾਣਦੇ ਨਾਂ ਮੁਸਲਮਾਨ ਵਾਲੇ "
ਕਈ ਮੋਨਧਾਰੀ ਬਣੇ ਸਾਧ ਫਿਰਦੇ । ਨਹੀਂ ਜਾਣਦੇ ਕੰਮ ਇਨਸਾਨ ਵਾਲੇ "
ਕਈ ਸਿਖ ਸੂਰੇ ਅਖਾਂ ਮੀਟ ਬੈਠੇਂ । ਝਗੜੇ ਘਤੱਦੇ ਖਰੜ ਗਿਆਨ ਵਾਲੇ "
ਕਈ ਸੰਤ ਮਹਾਤਮਾਂ ਬਣੇਂ ਫਿਰਦੇ । ਗਲਾਂ ਥੋੜੀਆਂ ਤੇ ਘੁਬਰਾਨ ਵਾਲੇ "
ਉਲਟੇ ਝਗੜਦੇ ਕੁਲ ਜਹਾਨ ਨਾਲੋਂ । ਆਪੇ ਕੈਹਣ ਹਾਂ ਅਸੀਂ ਦੀਵਨ ਵਾਲੇ "
ਬਗਲਾਂ ਡੁਬਿਆ ਹਨਸਦੀ ਰੀਸ ਕਰਕੇ । ਨਹੀਂ ਜਾਣਦਾ ਢੰਗ ਤਰ ਜਾਨ ਵਾਲੇ "
ਗਿਆ ਉਲਟ ਜ਼ਮਾਨੇ ਦਾ ਰੰਗ ਯਾਰੋ । ਰਹੇ ਵਕਤ ਨਾਂ ਡੇਰ ਲਗਾਨ ਵਾਲੇ "
ਬੇਈਮਾਨਾਂ ਦੇ ਪੁਤ ਸ਼ੈਤਾਨ ਜੇੜ੍ਹੇ । ਭੇਦ ਗੋਰਿਆਂ ਕੋਲ ਬਤਾਨ ਵਾਲੇ "
ਚੁਗਲ ਖੋਰ ਨੂੰ ਲੁਟ ਕੰਗਾਲ ਕਰਨਾਂ । ਘਰ ਫੂਕ ਦੇਣੇ ਬੇਈਮਾਨ ਵਾਲੇ "
ਹਥੱ ਕੰਗਣੇ ਮੌਤ ਦੇ ਬਨੱ ਲੈਣੇਂ । ਜੀਜ ਗੋਰਿਆਂ ਦੇ ਘਰੀਂ ਜਾਨ ਵਾਲੇ "
ਐਸੇ ਆਦਮੀ ਕਰਨ ਗ੍ਰਿਫਤਾਰ ਕਾਨੂੰ । ਜੇੜ੍ਹੇ ਮੌਤ ਕੋਲੋਂ ਡਰ ਜਾਨ ਵਾਲੇ "
ਹਿੰਦੋਸਤਾਨ ਅੰਧੇਰ ਗੁਬਾਰ ਦਿਸੇ । ਕਰੋ ਤਿਆਰੀਆਂ ਸ਼ਮਾਂ ਜਗਾਨ ਵਾਲੇ "
ਰਹੀ ਬੁਜ਼ਦਿਲਾਂ ਦੀ ਨਹੀਂ ਲੋੜ ਕੋਈ । ਆਓ ਹਥੱ ਦਾ ਹੁਨਰ ਦਖਲਾਨ ਵਾਲੇ "
ਭੁਜ ਜਾਣਗੇ ਐਸ ਮੈਦਾਨ ਵਿਚੋਂ । ਢੰਗ ਔਰਤਾਂ ਦੇ ਡਰ ਜਾਨ ਵਾਲੇ "
ਭ੍ਰਾਈ ਮੋਹਿਓ ਜ਼ਰਾ ਖਿਆਲ ਕਰਨਾਂ । ਰੱਖੋ ਹੌਸਲਾ ਜੰਗ ਮਚਾਨ ਵਾਲੇ "
ਕਲਮ ਸਿਆਹੀ ਦਾ ਖਾਤਮਾਂ ਨਹੀਂ ਹੁੰਦਾ । ਨਹੀਂ ਮੁਕਦੇ ਹਰਫ ਜ਼ਬਾਨ ਵਾਲੇ "
ਬਣੋਂ ਮਰਦ ਗਾਜ਼ੀ ਮੁਸਲਮਾਨ ਸਾਰੇ । ਆਓ ਸਿਖ ਸ਼ਹੀਦੀਆਂ ਪਾਨ ਵਾਲੇ "
ਜਾਬਰ ਬਾਦਸ਼ਾਹ ਦਾ ਕਰੋ ਗਰਕ ਬੇੜਾ । ਪਰੈਜੀਡੈਂਟ ਦੇ ਝੰਡੇ ਝੁਲਾਨ ਵਾਲੇ "
ਪੈਂਹਲਾਂ ਮਾਰ ਲੈਣਾਂ ਦੇਸ਼ਘਾਤੀਆਂ ਨੂੰ । ਜੇੜ੍ਹੇ ਗੋਰਿਆਂ ਦੇ ਘਰੀਂ ਜਾਨ ਵਾਲੇ "
ਗਦਰ ਪਾਰਟੀ ਨੂੰ ਨਹੀਂ ਲੋੜ ਕੋਈ । ਜੇੜ੍ਹੇ ਆਪਣਾਂ ਆਪ ਛੁਪਾਨ ਵਾਲੇ "
ਮਿਣਾਂ ਵਾਲਿਓ ਮਾਮਲੇ ਬੰਦ ਕਰ ਦੋ । ਕਰੋ ਤਿਆਰੀਆਂ ਲੁਟ ਮਚਾਨ ਵਾਲੇ "

Sri Satguru Jagjit Singh Ji eLibrary NamdhariElibrary@gmail.com

ਜਾਂਦੇ ਬੈਠਕੇ ਸੌਣਾਂ ਨਹੀਂ ਚੰਗਾ । ਅਤਿ ਤੋਪ ਬੰਦੂਕ ਚਲਾਨ ਵਾਲੇ"
ਧੋਖੇ ਵਿਚੋਂ ਨਾਂ ਕਿਸੇ ਦੇ ਮੂਲ ਔਣਾਂ । ਕਦੀ ਔਣਗੇ ਦਗ਼ਾ ਕਮਾਨ ਵਾਲੇ"
ਅਸੀਂ ਆਪਣੇ ਫਰਜ਼ ਅਦਾ ਕਰੀਏ । ਸਿੱਖੋ ਹਿੰਦੂ ਤੇ ਮੁਸਲਮਾਨ ਵਾਲੇ"
ਮਿਲ ਜਾਣ ਫਕੀਰ ਦੇ ਨਾਲ ਬੰਦੇ । ਦੀਨ, ਮਜ਼ਹਬ ਦਾ ਭਰਮ ਮਟਾਨ ਵਾਲੇ"

---

## ਪੰਥ ਅਗੇ ਪ੍ਰਾਰਥਨਾ

ਖੋਲੋ ਅਖੀਆਂ ਤੁਸੀਂ ਕਿਓਂ ਚੁੱਪ ਬੈਠੇ । ਭਾਰਤ ਵਰਸ਼ ਦੀ ਹੋਏ ਕੇ ਉਲਾਦ ਸਿੱਖੋ"
ਕੇਹੜੀ ਗੱਲ ਖਾਤ੍ਰ ਪੰਥ ਸਾਜਿਆ ਸੀ । ਕਰੋ ਸਤਗੁਰਾਂ ਦੇ ਬਚਨ ਯਾਦ ਸਿੱਖੋ"
ਕਿਵੇਂ ਸਤਗੁਰਾਂ ਪੰਥ ਦੀ ਬੀੜ ਬੰਨੀ । ਦਿਤੇ ਲਾਲ ਚਾਰੇ ਬੁਨੀਯਾਦ ਸਿੱਖੋ"
ਜ਼ੁਲਮ ਡੱਕਣੇ ਨੂੰ ਗੁਰਾਂ ਸਾਜਿਆ ਸੀ । ਕੀਤੇ ਹੋਰ ਦੇ ਹੋਰ ਇਰਾਦ ਸਿੱਖੋ"
ਪਏ ਮੌਤ ਦੀ ਖੌਫ਼ ਤੋਂ ਕੰਬਦੇ ਹੋ । ਤੁਸਾਂ ਨਹੀਂ ਸ਼ਹੀਦੀਆਂ ਯਾਦ ਸਿੱਖੋ"
ਪਏ ਵਾਰ ਦੁਫੇੜਿਓਂ ਪੈਣ ਧਕੇ । ਘਰ ਵਿਚੋਂ ਨਹੀਂ ਮਿਲਦੀ ਕੇਵਲ ਦਾਦ ਸਿੱਖੋ
ਸਾਡਾ ਜਗੱ ਸਾਨੂੰ ਮੇਹਣੇ ਮਾਰਦਾ ਹੈ । ਕਰੋ ਹਿੰਦ ਨੂੰ ਝੱਬ ਆਜ਼ਾਦ ਸਿੱਖੋ"
ਵੇਖੋ ਵੰਗ ਸਤਵੰਜੇ (੧੮੫੭) ਨਾ ਭੁੱਲ ਜਾਣਾਂ । ਖੂਬ ਰਖਣਾਂ ਵਕਤ ਨੂੰ ਯਾਦ ਸਿੱਖੋ"
ਉਠੋ ਜਲਦ ਕਲੰਕੀ ਦਾ ਦਾਗ਼ ਧੋਈਏ । ਵਰ ਗੁਰੂ ਦੇ ਜੇ ਤੁਸਾਂ ਯਾਦ ਸਿੱਖੋ"
ਮਿਲਕੇ ਨਾਲ ਮਰਹਟੇ ਬੰਗਾਲੀਆਂ ਦੇ । ਮੁਸਲਮਾਨ ਹਿੰਦੂ ਹੋਈਏ ਸ਼ਾਦ ਸਿੱਖੋ"
ਅਤਿ ਸਿੱਖ ਭਾਈਓ ਸਚੇ ਸਿੱਖ ਬਣੀਏਂ । ਕਾਹਨੂੰ ਭੁੱਲ ਬੈਠੇ ਰਸਮ ਆਦ ਸਿੱਖੋ"
ਜਲਦੀ ਕੂਦ ਮੈਦਾਨ ਦੇ ਵਿੱਚ ਪਈਏ । ਕਰਕੇ ਕਾਰਨਾਮੇ ਪਿਛਲੇ ਯਾਦ ਸਿੱਖੋ"
ਕੇਵਲ ਲੋੜ ਹੈ ਤੁਸਾਂ ਬਹਾਦਰਾਂ ਦੀ । ਭਾਰਤ ਮਾਤ ਦੀ ਸੁਣੋ ਫਰਯਾਦ ਸਿੱਖੋ"
ਉਠੋ ਖਾਲਸਾ ਜੀ ਹੱਲਾ ਬੋਲ ਦੇਈਏ । ਕਰੀਏ ਗੋਰਿਆਂ ਨੂੰ ਬਰਬਾਦ ਸਿੱਖੋ"
ਕੇਹੜੇ ਕੰਮ ਭਲਾ ਸਾਡੇ ਜਿਸਮ ਔਣੇ । ਵਧੱਕੇ ਗਏ ਹੋ ਸਰੂ ਸ਼ਮਸ਼ਾਦ ਸਿੱਖੋ"
ਪਏ ਚਮਕ ਸ਼ਮਸ਼ੇਰ ਦੀ ਜੰਗ ਅੰਦਰ । ਭਾਰਤ ਵਰਸ਼ ਨੂੰ ਕਰੋ ਆਜ਼ਾਦ ਸਿੱਖੋ"
ਮਿਲੋ ਸਿੱਖ ਹਿੰਦੂ ਮੁਸਲਮਾਨ ਸਾਰੇ । ਦੇਈਏ ਕੱਢ ਫਰੰਗੀ ਜਲਾਦ ਸਿੱਖੋ"
ਐਸਾ ਨਾਲ ਸ਼ਮਸ਼ੇਰ ਜਵਾਬ ਦੇਈਏ । ਕੁਲਾਂ ਤੀਕ ਰਖਸਨ ਪਏ ਯਾਦ ਸਿੱਖੋ"
ਲੱਖਾਂ ਮਿਲਨ ਮੁਬਾਰਕਾਂ ਜੰਗ ਅੰਦਰ । ਬਤੀ ਕੋਟ ਕਰਸੀ ਧੰਨਵਾਦ ਸਿੱਖੋ"

Sri Satguru Jagjit Singh Ji eLibrary NamdhariElibrary@gmail.com

# ਮੌਕਾ ਸੰਭਾਲੋ

"ਹਿੰਦੋਸਤਾਨ ਦੇ ਬਾਰਿਓਂ ਕੌਣ ਫੇਤੀ 'ਚਲੋ ਦੇਸ਼ ਨੂੰ ਖੁਦ ਮਹਾਨ ਬਦਲੇ
ਹੀਰਾ ਹਿੰਦ ਦਾ ਕੀਮਤੀ ਪਿਆ ਰੁਲਦਾ ਸਸਤਾ ਬੋਹਤ ਜੇ ਮਿਲੇ ਭੀ ਜਾਨ ਬਦਲੇ
ਦਸਾਂ ਗੱਲ ਮੈਂ ਗਦਰ ਦੇ ਪਿਆਰਿਆਂ ਨੂੰ 'ਜੇਹੜੇ ਤਿਆਰ ਹਨ ਗਦਰ ਮਚਾਣ ਬਦਲੇ
ਦੇਸ਼ ਫੇਰਨਾ ਆਵਣਾ ਹਥ ਮੋਰੇ 'ਚੰਗਾ ਵਕਤ ਹੈ ਜੰਗ ਮਚਾਣ ਬਦਲੇ
ਗੋਰੀ ਫੌਜ ਫਰੰਗੀ ਦੀ ਵਿਚ ਯੂਰਪ' ਰਸਤਾ ਮਿਲੇ ਨਾਂ ਹਿੰਦੋਸਤਾਨ ਬਦਲੇ
ਤੁਰਕੀ ਸ਼ੇਰ ਮੈਦਾਨ ਦੇ ਵਿਚ ਆਇਆ ਮੌਕਾ ਬੋਹਤ ਸੋਹਣਾ ਹਿੰਦੋਸਤਾਨ ਬਦਲੇ
ਮਿਸਰ, ਅਰਬ, ਕਾਬਲ, ਤਿਆਰ ਬੈਠੇ' ਏਹੋ ਵਕਤ ਹੈ ਮੁਲਕ ਵੀਰਾਨ ਬਦਲੇ
ਬੈਠੇ ਤਿਆਰ ਸਾਰੇ ਬੱਚੇ ਗਾਜ਼ੀਆਂ ਦੇ' ਜੇਹੜੇ ਸਦਾ ਲੜਦੇ ਮੁਲਕੀਆਨ ਬਦਲੇ
ਸੁਤੇ ਪਏ ਲੀਡਰ ਸਾਡੇ ਦੇਸ਼ ਅੰਦਰ 'ਜੇਹੜੇ ਕੰਮ ਕਰਦੇ ਹਿੰਦੋਸਤਾਨ ਬਦਲੇ
ਉਨਾਂ ਮਰਨ ਤੇ ਔਂਦਾ ਡਰ ਬੋਹਤ 'ਪਿਛੇ ਫਿਰਨ ਲੁਕਦੇ ਕੁੜੀਜਨ ਬਦਲੇ
ਦੇਸ਼ ਛਡ ਪਰਦੇਸ਼ ਦੇ ਵਿਚ ਬੈਠੇ 'ਕਈ ਹਿੰਦ ਦੀ ਸੇਵਾ ਕਮਾਣ ਬਦਲੇ
ਔਖੇ ਮਰਨ ਤੇ ਔਂਦ ਪੇਰੇ ਉਨਾਂ 'ਪਾਪੀ ਕਰਨ ਤੂੰ ਲੇ ਦੇ ਹਲੇ ਖਾਣ ਬਦਲੇ
ਅਗੇ ਹੋਇਕੇ ਕੰਮ ਨਾਂ ਮੂਲ ਕਰਦੇ 'ਭੁਖੇ ਮਰਦੇ ਟੁਕਰਾਂ ਮਾਣ ਬਦਲੇ
ਜੇਹੜੇ ਆਖਦੇ ਅਸੀਂ ਹਾਂ ਦੇਸ਼ ਸੇਵਕ' ਆਉਣ ਨਿਕਲੇ ਖਾਂ ਇਮਤਿਹਾਨ ਬਦਲੇ
ਜਿਨਾਂ ਜਾਨ ਨੂੰ ਰਖਿਆਂ ਤਲੀ ਉਤੇ 'ਔਖਾ ਕੰਮ ਕਰਨਾਂ ਹਿੰਦੋਸਤਾਨ ਬਦਲੇ
ਸਚੀ ਦੇਸ਼ ਸੇਵਾ ਕਰਨੀ ਬੋਹਤ ਔਖੀ 'ਰੋਲਾ ਪਾਂਵਦੇ ਖੜਕ ਮਿਆਨ ਬਦਲੇ'
ਪਾਲ ਤ੍ਰਿਪਤੂ ਉਨਾਂ ਦਾ ਬੋਹਤ ਦੇਂਦੀ 'ਜੇਹੜੇ ਕੰਮ ਕਰਦੇ ਖਾਲੀ ਮਾਣ ਬਦਲੇ
ਅਸਾਂ ਵੇਖਿਆਂ ਕਈ ਅਨਜਾਣ ਮੂਰਖ' ਲੜ ਮਰਦੇ ਕੰਮ ਅਟਕਣ ਬਦਲੇ
ਕਈ ਸੇਵਕਾਂ ਨੂੰ ਪੁਠੇ ਪੈਣ ਰਸਤੇ 'ਰੋਲਾ ਪਾਂਵਦੇ ਧਰਮ ਈਮਾਨ ਬਦਲੇ
ਦੇਸ਼ ਤੁਰਗਦਿਆਂ ਗਦਰ ਸਾਥੀਆਂ ਨੂੰ ਕਈ ਰੋਕਦੇ ਰੋਟੀਆਂ ਖਾਣ ਬਦਲੇ
ਕਈ ਸੇਵਕਾਂ ਨੂੰ ਪੁਠੇ ਪੈਣ ਰਸਤੇ 'ਉਨਾਂ ਮਿਲੂ ਕੀ ਦੇਸ ਨੁਕਸਾਨ ਬਦਲੇ
ਜੇਹੜੇ ਰੋਕਦੇ ਗਦਰ ਨੂੰ ਦਾਨਿਆਂ ਨੂੰ ਵਿਚੋਂ ਕੰਮ ਕਰਦੇ ਇੰਗਲਸਤਾਨ ਬਦਲੇ
ਪੇਟ ਪਾਲਣ ਫਰਜ਼ ਹੈ ਸਾਥੀਆਂ ਦਾ 'ਐਪ ਜ਼ਮੀਰ ਨਾ ਈਏ ਬੇਈਮਾਨ ਬਦਲੇ
ਮਿੜ੍ਹ ਮਾਰ ਕਰਦੇ ਬੇਈਮਾਨ ਪਾਜੀ 'ਖੁਦੀਆ ਦੇਸ ਘਾਤੀ ਪੈਂਗਨ ਖਾਣ ਬਦਲੇ
ਸੇਵਾ ਕੌਮ ਦੀ ਫੜ੍ਹੀਆ ਦੇਸ਼ ਘਾਤੀਆਂ ਨੇ' ਖਤਰ ਪਾ ਲਿਆ ਆਪ ਹੀ ਜਾਨ ਬਦਲੇ
ਮੂਰਖ ਸਮਝਦੇ ਅਸਾਂ ਦੀ ਹੋਊ ਇਜਤ 'ਕਰਦੇ ਕੌਮ ਗਦਾਰ ਅਖਵਾਣ ਬਦਲੇ"

Sri Satguru Jagjit Singh Ji eLibrary NamdhariElibrary@gmail.com

ਪਿਛੋਂ ਜਾਣਦੇ ਨਗੋਰੀ ਨਾਲ ਤੇਰੇ ' ਮਾਰ ਫਿਤੂਰ ਦੀ ਹੋਸੀ ਮਾਣ ਬਦਲੇ"
ਕਈਆਂ ਵਿਚ ਪ੍ਰਦੇਸ਼ ਦੇ ਨਾਲ ਦੁਖਾਂ ' ਪੈਸਾ ਜੋੜਿਆ ਕਰਨ ਗੁਜ਼ਰਾਨ ਬਦਲੇ"
ਤੇਰੇ ਗ਼ਦਰ ਦੀ ਗੱਲ ਨਾਂ ਮੂਲ ਸੁਣਦੇ' ਲਗਾ ਫਿਕਰ ਹੈ ਘਰਾਂ ਨੂੰ ਜਾਣ ਬਦਲੇ"
ਰਜ ਖਾਦ ਨਾਂ ਖਰਚਦੇ ਮਿਲੂ ਤੁ ਨਾਨੂੰ' ਡਾਕੂ ਖੜੇ ਦੌਲਤ ਲੈ ਜਾਣ ਬਦਲੇ"
ਵਿਪਤ ਵਿਚ ਕਿਉਂ ਜ਼ਿੰਦਗੀ ਗਾਲਦੇ ਹੋ ਪਾਪਾ ਜਨਮ ਕੀ ਠੋਕਰਾਂ ਖਾਣ ਬਦਲੇ"
ਤੇਰੇ ਮਗਰ ਕਿਉਂ ਹੌਸਲਾ ਤੋੜਿਆ ਈ' ਜੀਮੇ ਤੁਸੀਂ ਨਜੀਸ ਜੁਤੀਆਂ ਖਾਣ ਬਦਲੇ
ਉਮਰ ਗਾਲਕੇ ਝੂਠਿਆਂ ਵਿਚ ਕੀਮਾਂ ' ਬਾਕੀ ਬਚੇ ਗਾ ਕੀ ਹਿੰਦ ਸੰਤਾਨ ਬਦਲੇ
ਵੇਲਾ ਨਹੀਂ ਹੁਣ ਪਿਛੇ ਨੂੰ ਜਾਵਣੇ ਦਾ ' ਕੇਰੇ ਕੀਮ ਹੁਣ ਦੇਸ਼ ਬਚਾਨ ਬਦਲੇ
ਫੌਜਾਂ ਵਾਲਿਆਂ ਨੂੰ ਜਾਕੇ ਰੋਕ ਦੇਵੋ ' ਕਾਨੂੰ ਲੜਨ ਮੂਰਖ ਇੰਗਲਸਤਾਨ ਬਦਲੇ
ਕਰਕੇ ਗ਼ਦਰ ਹੁਣ ਹਿੰਦ ਆਜ਼ਾਦ ਕਰੀਏ ਕਾਨੂੰ ਬੈਠੇ ਹੋ ਠੋਕਰਾਂ ਖਾਣ ਬਦਲੇ
ਏਹੋ ਫਰਜ਼ ਦੀਹੋ ਸਾਡੀ ਜ਼ਿੰਦਗੀ ਦਾ ' ਜਾਨ ਲਗਾ ਦੇਈ ਹਿੰਦ ਸੰਤਾਨ ਬਦਲੇ

## ਗ਼ਦਰ ਦੀ ਬੇਨਤੀ

ਮੇਰੇ ਮਾਰ ਪੁਕਾਰ ਕੇ ਬੋਲਣਾਂ ਕੀ ' ਕੋਈ ਮਾਰਨੇ ਵਾਲਾ ਤਿਆਰ ਹੋ ਜੇ "
ਜਿਸ ਨੂੰ ਸ਼ੌਕ ਗੁਲਾਲ ਦੇ ਖੇਡਣੇ ਦਾ ' ਆਵੇ ਨਾਲ ਸਾਡੇ ਸਾਡਾ ਯਾਰ ਹੋ ਜੇ "
ਹਿੰਦ ਸੰਤਾਨੀਓ ਤੁਸਾਂ ਦਾ ਦੇਸ਼ ਸਾਂਝਾ' ਸਾਰੇ ਗ਼ਦਰ ਦੇ ਲਈ ਤਿਆਰ ਹੋ ਜੇ "
ਸਾਰੇ ਸੂਰਮੇ ਰਲਕੇ ਸਲਾਹ ਕਰਕੇ ' ਕਠੇ ਸੈਂਕੜੇ ਕਈ ਹਜ਼ਾਰ ਹੋ ਜੇ "
ਮੰਨੋਂ ਗੱਲ ਨਾਂ ਮੂਲ ਹਰਾਮੀਆਂ ਦੀ ' ਇਕ ਦੂਸਰੇ ਦੇ ਸਾਰੇ ਯਾਰ ਹੋ ਜੇ "
ਸਦਾ ਪੈਣ ਉਲਟੇ ਗਲ ਤੇ ਪੇਟ ਪਾਲੂ ' ਹਾਲ ਇਨਾਂ ਦੀ ਥੇਂ ਖਬਰਦਾਰ ਹੋ ਜੇ"
ਜੋੜੇ ਜ਼ੁਲਮ ਫਰੰਗੀਆਂ ਕਟਣੇ ਨੂੰ ' ਤਿਖੀ ਤੇਜ਼ ਤਲਵਾਰ ਦੀ ਧਾਰ ਹੋ ਜੇ"
ਜਿਟੇ ਤੋੜ ਗੁਲਾਮੀ ਦਾ ਜਾਲ ਝੂਠਾ ' ਗਫਲਤ ਨੀਂਦ ਨੂੰ ਛਡ ਬੇਦਾਰ ਹੋ ਜੇ"
ਮਰਨ ਵਾਲਿਆਂ ਫਤਹ ਅਦਾ ਕੀਤਾ' ਜੀਉਣੇ ਵਾਲਿਓ ਖੁਦ ਮੁਖਤਾਰ ਹੋ ਜੇ"
ਗ਼ਦਰ ਵਾਸਤੇ ਫੌਜ ਦੀ ਕਰੋ ਭਰਤੀ' ਇਕ ਦੂਸਰੇ ਦੇ ਮਦਦਗਾਰ ਹੋ ਜੇ "
ਡਰੋ ਮੂਲ ਨਾ ਏਨਾਂ ਫਰੰਗੀਆਂ ਤੋਂ ' ਮਾਰਨ ਮਰਨ ਨੂੰ ਜਦੋਂ ਤਿਆਰ ਹੋ ਜੇ "
ਮੁਸਲਮਾਨ, ਹਿੰਦੂ, ਅਤੇ ਖਾਲਸਾ ਜੀ' ਇਕ ਦੂਸਰੇ ਦੇ ਸਾਰੇ ਯਾਰ ਹੋ ਜੇ "
ਜੀਉਣੇ ਵਾਲਿਆਂ ਨਾਲ ਨਾਂ ਗੱਲ ਕਰੀਏ' ਮਰਨੇ ਵਾਲਿਓ ਤੁਸੀਂ ਤਿਆਰ ਹੋ ਜੇ "
ਮੰਨ ਲੋ ਤੁਸੀਂ ਗ਼ਦਰ ਦੀ ਬੇਨਤੀ ਨੂੰ 'ਗ਼ਦਰ ਕਰਨ ਨੂੰ ਝਟ ਤਿਆਰ ਹੋ ਜੇ "

Sri Satguru Jagjit Singh Ji eLibrary NamdhariElibrary@gmail.com

## ਹਿੰਦੀਓ ਨੀਂਦ ਕੋ ਤਿਆਗੋ.

ਹਿੰਦੋਸਤਾਨੀਓ ਕਿਓਂ ਨੀਂਦੀ ਪੈਣ ਸੁੱਟੀ ' ਮਾਰੋ ਨਜ਼ਰ ਘਰਦੇ ਕੇਹੜੇ ਹਾਲ ਹੋ ਗਏ "
ਗਫਲਤ ਨੀਂਦ ਅੰਦ੍ਰ ਤੁਸੀਂ ਘੂਕ ਸੁੱਤੇ ' ਲਗੀ ਅੱਗ ਘਰ ਨੂੰ ਭਾਂਬੜ ਲਾਲ ਹੋ ਗਏ "
ਉਠੋ ਸ਼ੇਰ ਮਰਦੋ ਗਫਲਤ ਨੀਂਦ ਛੱਡੋ ' ਤੁਸਾਂ ਸੁੱਤਿਆਂ ਸੈਂਕੜੇ ਸਾਲ ਹੋ ਗਏ "
ਪੈਸਾ ਲੁੱਟ ਲੈ ਗਏ ਅੰਗ੍ਰੇਜ਼ ਸਾਰਾ ' ਵੇਂਹਦੇ ਵੇਂਹਦਿਆਂ ਤੁਸੀਂ ਕੰਗਾਲ ਹੋ ਗਏ
ਤੁਸੀਂ ਵੀਰਨੋਂ ਤਰਸਦੇ ਕੌਡੀਆਂ ਨੂੰ ' ਸੋਨਾਂ ਲੁੱਟ ਜ਼ਾਲਮ ਮਾਲਾ ਮਾਲ ਹੋ ਗਏ "
ਕਿਥੇ ਗਏ ਅਸਾਡੜੇ ਐਸ਼ ਇਸ਼ਰਤ ' ਕਾਹਨੂੰ ਵੀਰਨੋ ਅੱਜ ਕੰਗਾਲ ਹੋ ਗਏ "
ਲੰਡਨ ਵਿਚ ਲੈ ਗਏ ਗੋਰੇ ਖਰਚ ਸਭ ਕੁਝ ਤੁਸੀਂ ਵਰਗੇ ਠਨ ਠਨ ਗੁਪਾਲ ਹੋ ਗਏ "
ਸਾਡੀ ਕਿਦੇਂ ਗੁਲਾਮੀ ਨੇ ਧੌਣ ਭੰਨੀ ' ਕਾਇਰ ਹੱਦ ਥੀਂ ਵੱਧ ਖਿਆਲ ਹੋ ਗਏ "
ਉਠੋ ਤੋੜ ਗੁਲਾਮੀ ਦਾ ਜਾਲ ਦੇਈਏ ' ਛਿੜੇ ਪੈਂਦਿਆਂ ਨੂੰ ਕਈ ਸਾਲ ਹੋ ਗਏ "
ਦੇਖੋ ਕਈ ਕਰੋੜਾਂ ਦੀ ਵਿਚ ਗਿਣਤੀ ' ਵੀਰ ਭੇਟ ਪਲੇਗ ਤੇ ਕਾਲ ਹੋ ਗਏ "
ਦੋ ਕਰੋੜ ਥੀਂ ਦੇ ਸੋਲਾਂ ਸਾਲ ਅੰਦਰ ' ਦੁੱਖ ਭੁੱਖ ਦੇ ਨਾਲ ਹਲਾਲ ਹੋ ਗਏ "
ਲੰਡਨ ਵਿਚ ਸੜਕਾਂ ਉਤੇ ਰਬੜ ਚਾਹੜੀ ਸਾਡੇ ਉਡੇ ਘਟ ਮੰਦੇ ਹਾਲ ਹੋ ਗਏ "
ਆਲੂ ਪੁਟਿਆਂ ਤੋਂ ਪੈਸਾ ਜੁੜੇ ਨਾਹੀਂ ' ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ "
ਫੌਜੀ ਨੌਕਰੀ ਖਾਣ ਨਾਂ ਪੀਣ ਤੁਰਦਾ ' ਵੀਰੋ ਗਾਲਿਆਂ ਤੋਂ ਧੌਲੇ ਵਾਲ ਹੋ ਗਏ "
ਪੈਸਾ ਜੁੜੇ ਨਾਂ ਨਾਲ ਮਜ਼ਦੂਰੀਆਂ ਦੇ ' ਝਿੜਕਾਂ ਸਹਿੰਦਿਆਂ ਨੂੰ ਕਈ ਸਾਲ ਹੋ ਗਏ "
ਪਏ ਚੀਨ, ਅਫਰੀਕਾ, ਦੇ ਵਿਚ ਭੌਂਦੇ ' ਵਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ "
ਕੀ ਕੁਝ ਖਟਿਆ ਜੇ ਮਿਰਕਣ ਵਿਚ ਆਕੇ ਦੇਸ਼ ਛਡਿਆਂ ਨੂੰ ਕਈ ਸਾਲ ਹੋ ਗਏ "
ਕੁਲੀ ਕੁਲੀ ਕੈਹ ਕੇ ਦੁਨੀਆਂ ਨਕ ਚਾਹੜੇ ' ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ "
ਹੋਦੇ ਅਣਖ ਤੇ ਸਮਝੀਏ ਝਟ ਸੈਨਤ ' ਡੰਡੇ ਖਾਂਦਿਆਂ ਦੇ ਫੁੰਡਰ ਲਾਲ ਹੋ ਗਏ "
ਭੁਲ ਜੀਵਣੇ ਦਾ ਕਾਹਦਾ ਹੱਜ ਸਾਡਾ ' ਸਾਡੇ ਕੁਤਿਆਂ ਥੋਂ ਭੈੜੇ ਹਾਲ ਹੋ ਗਏ "
ਗੋਰੇ ਓਹਨਾਂ ਦਾ ਖਾਤਮਾ ਕਰੀ ਜਾਂਦੇ ' ਭਾਰੇ ਜਿਨਾਂ ਦੇ ਤੁਸੀਂ ਰਖਵਾਲ ਹੋ ਗਏ "
ਨਾਲ ਚੀਦਿਆਂ ਕਦੀ ਨਾਂ ਕਾਲ ਰੁਕਦੇ ' ਸਾਨੂੰ ਵੇਂਹਦਿਆਂ ਨੂੰ ਕਈ ਸਾਲ ਹੋ ਗਏ "
ਤੁਸੀਂ ਪਾਦਵਦੇ ਹੋ ਪਾਣੀ ਪਤਿਆਂ ਨੂੰ ' ਜੜਾਂ ਵਲ ਨਾਂ ਦੋਸਤੋ ਖਿਆਲ ਹੋ ਗਏ "
ਖੇਲ ਰਾਜ ਨੀਤੀ ਵਾਲੀ ਭੁੱਲ ਬੈਠੇ ' ਤਾਂਹੀ ਦੋਸਤੋ ਹਾਰ ਥੇ ਹਾਲ ਹੋ ਗਏ "
ਆਪਸ ਵਿਚ ਲੜਕੇ ਮੂਰਖੋ ਖਟਿਆ ਕੀ ' ਛੁਰੀ ਫੁੱਟ ਦੀ ਨਾਲ ਹਲਾਲ ਹੋ ਗਏ "
ਜ਼ਿਮੀਂ ਸਾਡੀ ਤੇ ਲੈਣ ਲਗਾਨ ਗੋਰੇ ' ਦੇਖੋ ਕੇਹੇ ਜ਼ਮਾਨੇ ਦੇ ਚਾਲ ਹੋ ਗਏ "
ਪੈਂਹਟ (੬੫) ਫੀ ਸਦੀ ਨਾਲ ਤਲਵਾਰ ਲੈਂਦੇ ' ਭੈੜੇ ਗੀਦੀਆਂ ਥੀਂ ਸਾਡੇ ਖਿਆਲ ਹੋ ਗਏ "

Sri Satguru Jagjit Singh Ji eLibrary NamdhariElibrary@gmail.com

ਪਈਆਂ ਗੋਰੀਆਂ ਲੜਣੀਆਂ ਹਰ ਪਿਛੇ । ਸਾਡੇ ਉਨਾਂ ਤੋਂ ਚਿਤ ਕੰਗਾਲ ਹੋ ਗਏ "
ਹੋਕੇ ਮਗਣ ਪਆਰਾ ਦੇਸ਼ ਸਾਡੂ ਲਈਏ । ਕੋਹੜੀ ਗਲਾਂ ਤੋਂ ਭੁਲ ਨਿਢਾਲ ਹੋ ਗਏ "
ਗਦਰ ਕੂਕ ਪੁਕਾਰਦਾ ਦਿਨੇ ਰਾਤੀਂ । ਉਠੋ ਸੁਤਿਓ ਮੰਦੜੇ ਹਾਲ ਹੋ ਗਏ "
ਹਿੰਦੋਸਤਾਨੀਓ ਰਹੂ ਨਾਂ ਨਾਮ ਬਾਕੀ । ਏਸੇ ਤਰਾਂ ਜੇਕਰ ਪੰਜੀ ਸਾਲ ਹੋ ਗਏ "
ਛੇਤੀ ਕਰੋ ਤਿਆਰੀਆਂ ਗਦਰ ਦੀਆਂ । ਹੁਣ ਤਾਂ ਬੋਹਤ ਹੀ ਮੰਦੜੇ ਹਾਲ ਹੋ ਗਏ "

## ਭਾਰਤ ਮਾਤਾ ਦੀ ਪੁਕਾਰ ਫੌਜਾਂ ਵਾਲਿਆਂ ਨੂੰ

ਫੌਜਾਂ ਵਾਲਿਓ ਸ਼ੇਰ ਜਵਾਨ ਮਰਦੋ । ਸੁਣਨਾਂ ਬੁਢੜੀ ਦਾ ਏਹ ਸਵਾਲ ਮੇਰਾ "
ਦਸਾਂ ਕਿਵੇਂ ਨਹੀਂ ਦਸਿਆ ਜਾਂਵਦਾ ਹੈ । ਦੁਖੀ ਭਰਿਆ ਨਮਾਣੀ ਦਾ ਹਾਲ ਮੇਰਾ "
ਕਿਵੇਂ ਲਿਖਾਂ ਸ਼ੋਰੇ ਦਿਲ ਫਟਦਾ ਹੈ । ਅਤੀ ਦੁਖ ਭਰਿਆ ਮੰਦਾ ਹਾਲ ਮੇਰਾ "
ਦਿਲ ਫਟ ਜਾਵੇ ਪਏ ਤੜਫ ਮਰਸੋਂ । ਜੇਕਰ ਸੁਣੋਂ ਬਚਿਓ ਸਾਰਾ ਹਾਲ ਮੇਰਾ "
ਚੋਰਾਂ ਲੁਟੀ ਹਾਂ ਕੁਠੀ ਹਾਂ ਦਗੇ ਬਾਜ਼ਾਂ । ਕੀਤਾ ਜ਼ਬਤ ਫਰੰਗ ਨੇ ਮਾਲ ਮੇਰਾ "
ਘਣੇ ਛੁਰੀ ਕਸਾਈ ਨੇ ਜ਼ਖਮ ਕੀਤੇ । ਰੰਗ ਜ਼ਰਦ ਹੋਇਆ ਦੁਖਾਂ ਨਾਲ ਮੇਰਾ "
ਡਾਹਡੀ ਪੀੜ ਹੋਵੇ ਨਹੀਂ ਰੋਣ ਦੇਵੇ । ਪਿਆ ਵਾਹ ਚੰਡਾਲ ਦੇ ਨਾਲ ਮੇਰਾ "
ਕੀਤੇ ਜ਼ਖਮ ਬੇਦਰਦ ਨੇ ਸਰਦ ਹੋ ਗਏ ਫਟ ਆਕੜੇ ਜੀਉਣ ਮੁਹਾਲ ਮੇਰਾ "
ਇਤਨੇ ਜ਼ਖਮ ਹੋਏ ਮੇਰੇ ਜਿਗਰ ਅੰਦਰ । ਗਦਰ ਜੋਸ਼ਿਆ ਵੇਖਕੇ ਹਾਲ ਮੇਰਾ "
ਜੇਕਰ ਕੂਕ ਮਾਰਾਂ ਅਰਸ਼ ਕੰਬ ਜਾਵੇ । ਸੁਣਕੇ ਸਹੇ ਨਾਂ ਦੁਖ ਪਤਾਲ ਮੇਰਾ "
ਫੌਜਾਂ ਵਾਲਿਓ ਸੁਣੋਂ ਪੁਕਾਰ ਮੇਰੀ । ਬੋਹਤ ਤੁਸਾਂ ਦੇ ਜ਼ੁਮੇਂ ਸਵਾਲ ਮੇਰਾ "
ਲਖਾਂ ਕਾਲ ਪਲੇਗ ਦੇ ਨਾਲ ਮਰ ਗਏ । ਹਰ ਦਮ ਓਧਰੇ ਰਹੇ ਖਿਆਲ ਮੇਰਾ "
ਲਹੂ ਸੁਕਿਆ ਤੇ ਖੁਰਦੇ ਹਡੇ ਮੇਰੇ । ਖੜਕੇ ਚੰਮ ਗੁਲਾਮੀ ਦੇ ਨਾਲ ਮੇਰਾ "
ਫੌਜਾਂ ਵਾਲਿਓ ਫੜੋ ਫਰੰਗ ਤਾਂਈਂ । ਖੂਬ ਨਿਕਲੇ ਦਿਲੀ ਉਬਾਲ ਮੇਰਾ "
ਕੇਹੀ ਜ਼ੁਲਮ ਦੀ ਖਿਜ਼ਾਂ ਬਹਾਰ ਆਈ । ਨਾਮ ਮੇਟ ਕੀਤਾ ਬੇ ਮਸਾਲ ਮੇਰਾ "
ਸੋਇਨ ਚਿੜੀ ਜਗ ਮੈਨੂੰ ਜਾਣਦਾ ਸੀ । ਅਜ ਕਾਂਗੜੀ ਦੇ ਵਾਲਾ ਹਾਲ ਮੇਰਾ "
ਜ਼ਾਲਮ ਚਾਹੁੰਦੇ ਨਾਮ ਦੇ ਮੇਟਣੇ ਨੂੰ । ਲਵੋ ਬਚਿਓ ਨਾਮ ਸੰਭਾਲ ਮੇਰਾ "
ਫੌਜਾਂ ਵਾਲਿਓ ਕਿਓਂ ਹਥੀਂ ਪਾਲਦੇ ਹੋ । ਦੁਸ਼ਮਣ ਸਖਤ ਫਰੰਗ ਚੰਡਾਲ ਮੇਰਾ "
ਕਾਹਨੂੰ ਆਪ ਲੁਟੌਂਦੇ ਹੋ ਸ਼ੇਰ ਮਰਦੋ । ਕੀਤੀ ਭੁਲ ਤੇ ਹੋਇਆ ਜ਼ਵਾਲ ਮੇਰਾ "
ਅਜੇ ਹਈ ਵੇਲਾ ਘਰ ਨੂੰ ਸਾਂਭਣੇ ਦਾ । ਬੋਹਤ ਅਜੇ ਭੀ ਬਚ ਜਾਏ ਮਾਲ ਮੇਰਾ "

Sri Satguru Jagjit Singh Ji eLibrary NamdhariElibrary@gmail.com

# ਹਿੰਦ ਦੇ ਸੂਰਬੀਰਾਂ ਦੀ ਯਾਦਗਾਰ

ਹਿੰਦੇ ਸਤਾਨੀਓਂ ਜ਼ਰਾ ਧਿਆਨ ਮਾਰੋ ' ਸਾਡੀ ਬਾਪ ਦਾਦੇ ਵਾਲੀ ਚਾਲ ਕਿਉਂ ਨਹੀਂ
ਲੇਖੇ ਰਖੱ ਹੋ ਗਏ ਹੋ ਸ਼ੇਰ ਮਰਦੋ ' ਅਜੇ ਵੀ ਗੈਰਨੇਂ ਆਂਦੇ ਖਿਆਲ ਕਿਉਂ ਨਹੀਂ"
ਖਾਤ੍ਰ ਧਰਮ ਦੀ ਜਿਨ੍ਹੇ ਬਜ਼ੁਰਗ ਸਾਡੇ ' ਕੀਤੇ ਉਨ੍ਹਾਂ ਨੇ ਜੰਗ ਕਮਾਲ ਕਿਉਂ ਨਹੀਂ"
ਸਖਤੀ ਦੇਖ ਕੇ ਜ਼ੁਲਮ ਦੀ ਨਹੀਂ ਰੁਕੇ ' ਡਟੇ ਰਹੇ ਉਹ ਹਿੰਦ ਦੇ ਲਾਲ ਕਿਉਂ ਨਹੀਂ"
ਸਾਕੇ ਸਿੰਘ ਗੋਬਿੰਦ ਦੇ ਯਾਦ ਜੇ ਕਰ ' ਖੂਨ ਮਾਰਦੇ ਸਾਡੇ ਉਛਾਲ ਕਿਉਂ ਨਹੀਂ"
ਹਰੀ ਸਿੰਘ ਨਲੂਏ ਤਾਈਂ ਜਗ ਜਾਣੇ ' ਕਾਇਮ ਰਹਿ ਗਏ ਜੰਗ ਮਸਾਲ ਕਿਉਂ ਨਹੀਂ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ' ਬੁਢੀ ਉਮਰ ਲਖਾਂ ਪਾਲੇ ਪਾਲ ਕਿਉਂ ਨਹੀਂ
ਦੁਨੀਆਂ ਤੀਕ ਰਹਿਸੀ ਨਾਮ ਜਗ ਉਤੇ ' ਦੁਨੀਆਂ ਜਾਣਦੀ ਉਨ੍ਹਾਂ ਦਾ ਹਾਲ ਕਿਉਂ ਨਹੀਂ
ਜਿਨਾਂ ਜਾਮ ਸ਼ਹੀਦੀ ਦੇ ਨੋਸ਼ ਕੀਤੇ ' ਸਦਾ ਰਹਿਣਗੇ ਉਹ ਮਸਤ ਹਾਲ ਕਿਉਂ ਨਹੀਂ
ਜਿਨਾਂ ਦੇਸ਼ ਖਾਤ੍ਰ ਸੀਸ ਭੇਟ ਕੀਤੇ ' ਜੀਉਂਦੇ ਸਦਾ ਰਹਿਸਨ ਨੇ ਨਿਹਾਲ ਕਿਉਂ ਨਹੀਂ
ਬੇਹੁਤ ਦੂਰ ਕਾਹਨੂੰ ਸੁਣੋਂ ਹਾਲ ਹੁਣ ਦਾ ' ਲਖਾਂ ਫਿਰਨ ਗੁਜ਼ਰੇ ਹੀਰੇ ਲਾਲ ਕਿਉਂ ਨਹੀਂ
ਮਿਸਟ੍ਰ ਤਿਲਕ ਤੇ ਸਿੰਘ ਅਜੀਤ ਯੋਧੇ ' ਕੀਤਾ ਸਿੰਘ ਭਗਵਾਨ ਕਮਾਲ ਕਿਉਂ ਨਹੀਂ"
ਘੋਸ਼, ਰਾਮਚੰਦ੍ਰ, ਤੇ ਬਰਕਤੁੱਲਾ ' ਹਸਰਤ ਮੁਹਾਨੀ ਤੇ ਹਰਦਿਆਲ ਕਿਉਂ ਨਹੀਂ
ਜੇਲਾਂ ਕਟਦੇ ਝੂਟਦੇ ਫਾਂਸੀਆਂ ਤੇ ' ਬੀਰ ਸਾਵਰਕਰ ਤੇ ਹੋਤੀ ਲਾਲ ਕਿਉਂ ਨਹੀਂ
ਦੇਵੀ ਮੈਡਮ ਕਾਮਾਂ ਤੇ ਕ੍ਰਿਸ਼ਨ ਵਰਮਾਂ ' ਪਿੰਡੀ ਦਾਸ ਤੇ ਨੰਦ ਗੋਪਾਲ ਕਿਉਂ ਨਹੀਂ
ਹਸਰਤ ਸੂਫੀ ਬਰਿੰਦ੍ਰ ਮੋਹਨ ਘੋਸ਼ ਵਰਗੇ, ਕੀਤਾ ਲਿਆਕਤ ਹੁਸੈਨ ਕਮਾਲ ਕਿਉਂ ਨਹੀਂ
ਭਾਗ ਸਿੰਘ ਜੋ ਅੰਤ ਸ਼ਹੀਦ ਹੋਇਆ ' ਬਚਨ ਸਿੰਘ ਸੀ ਉਸ ਦੇ ਨਾਲ ਕਿਉਂ ਨਹੀਂ
ਕੀ ਕਸੂਰ ਕੀਤਾ ਏਨਾਂ ਸੂਰਿਆਂ ਨੇ ' ਸੁਖੀ ਵਸਦੇ ਮਾਤ ਤੇਰੇ ਲਾਲ ਕਿਉਂ ਨਹੀਂ
ਜਲਾ ਵਤਨ ਬੈਠੇ ਵਿਚ ਵਾਨ ਸਾਰੇ ' ਸਾਨੂੰ ਭੇਜਿਓ ਆਂਦੇ ਖਿਆਲ ਕਿਉਂ ਨਹੀਂ
ਢਾਇਆ ਗੁਰਦ ਵਾਰਾ ਜਿਥੇ ਸੀਸ ਲਾਇਆ, ਸਿੰਘੋ ਅਜੇ ਸਾਡਾ ਮੰਦਾ ਹਾਲ ਕਿਉਂ ਨਹੀਂ
ਪਏ ਰਾਗਲਾਂ ਤੇ ਲੀਖਾਂ ਮਾਰਦੇ ਹੋ ' ਫੜਦੇ ਹਥ ਤਲਵਾਰ ਤੇ ਢਾਲ ਕਿਉਂ ਨਹੀਂ
ਔਂਦੇ ਮਿਨਤਾਂ ਤੇ ਕਾਨੂੰ ਜ਼ੋਰ ਪਾਇਆ ' ਸਿੰਘਾਂ ਵਿਚੋਂ ਸ਼ੇਰਾਂ ਵਾਲੀ ਚਾਲ ਕਿਉਂ ਨਹੀਂ
ਉਠੋ ਹਿੰਦੀਓ ਦੇਸ਼ ਨੂੰ ਸਾਂਭ ਲਈਏ ' ਸਾਡੇ ਮਾਰਦੇ ਖੂਨ ਉਛਾਲ ਕਿਉਂ ਨਹੀਂ
ਫਿਰੋ ਵਿਚ ਪ੍ਰਦੇਸ਼ ਬਦਨਾਮ ਹੁੰਦੇ ' ਲੈਂਦੇ ਆਪਣਾ ਦੇਸ਼ ਸੰਭਾਲ ਕਿਉਂ ਨਹੀਂ
ਪੈਣ ਲਾਨਤਾਂ ਨਸ਼ੇ ਵਿਚ ਮਸਤ ਫਿਰਦੇ ਮਥਾ ਲਾਂਵਦੇ ਗੋਰਿਆਂ ਨਾਲ ਕਿਉਂ ਨਹੀਂ
ਫੋ, ਫੋ ਫਟ ਵਪੋਂ ਗਏ ਸ਼ੀਰਕਾਨੂੰ ' ਆਹ ਦੁਖੀ ਹਾਂ ਇਜ਼ਤ ਰਦਾਲ ਕਿਉਂ ਨਹੀਂ
ਨਜ਼ਰ ਮਾਰੋ ਖਾਂ ਚੀਨ, ਜਾਪਾਨ ਵਲੇ ' ਦੁਨੀਆਂ ਵਿਚ ਉਹ ਫਿਰਨ ਖੁਸ਼ਹਾਲ ਕਿਉਂ ਨਹੀਂ

Sri Satguru Jagjit Singh Ji eLibrary NamdhariElibrary@gmail.com

ਵਰਤੇ ਕੋਈ ਕਾਨੂੰਨ ਨਾ ਨਾਲ ਸਾਡੇ ' ਸਾਡਾ ਪੁੱਛਦਾ ਕੋਈ ਹਵਾਲ ਕਿਉਂ ਨਹੀਂ "
ਜੇਹਲਾਂ ਕਟਦੇ ਝੂਟਦੇ ਫਾਂਸੀਆਂ ਤੇ ' ਅਸੀਂ ਪੁਛਦੇ ਉਨ੍ਹਾਂ ਦਾ ਹਾਲ ਕਿਉਂ ਨਹੀਂ "
ਭਾਰਤ ਮਾਤ ਦੀ ਗੋਦ ਵਿਚ ਰਹਿਣ ਵਾਲੇ ' ਤੁਸੀਂ ਡੁਬ ਮਰਦੇ ਸ਼ਰਮ ਨਾਲ ਕਿਉਂ ਨਹੀਂ "
ਗਲਾਂ ਫੋਕੀਆਂ ਤੇ ਐਂਵੇਂ ਜ਼ੋਰ ਪਾਯਾ ' ਅਸਲੀ ਕੰਮ ਕਰਦੇ ਫੁਰਤੀ ਨਾਲ ਕਿਉਂ ਨਹੀਂ "
ਸੁਤੇ ਪਏ ਪੰਜਾਬ ਨੂੰ ਹੋਸ਼ ਆਵੇ ' ਲੈਂਦੇ ਵੈਰ ਬਦਲੇ ਨਾਲ ਉਠਾਲ ਕਿਉਂ ਨਹੀਂ
ਜੇਕਰ ਤੁਸੀਂ ਅਗੋਂ ਹੋਕੇ ਕਦਮ ਰਖੋ ' ਲੈਂਦੇ ਆਪਣਾ ਮੁਲਕ ਸੰਭਾਲ ਕਿਉਂ ਨਹੀਂ "
ਮਿਰਕਨ ਅਤੇ ਕਨੇਡੇ ਵਿਚ ਰਹਿਣ ਵਾਲੇ ' ਤੇਹਾਡਾ ਮਾਰਦਾ ਖੂਨ ਉਛਾਲ ਕਿਉਂ ਨਹੀਂ "
ਕੀ ਕੁਝ ਕਰਨ ਗੁਲਾਮੀ ਵਿਚ ਫਸੇ ਜੇੜ੍ਹੇ ' ਹਿਲੇ ਤੁਸੀਂ ਆਜ਼ਾਦ ਖਿਆਲ ਕਿਉਂ ਨਹੀਂ "
ਆਉ ਚਲੀਏ ਮੁਲਕ ਨੂੰ ਸ਼ੇਰ ਮਰਦੋ ' ਅੰਤ ਹੋ ਗਿਆ ਜੋ ਮੰਦਾ ਹਾਲ ਕਿਉਂ ਨਹੀਂ "
ਚਲੋ ਉਪਦੇਸ਼ ਕਰੀਏ ਮੁਲਕ ਵਾਲਿਆਂ ਨੂੰ ' ਸਾਰਾ ਖੋਲਦੇ ਜ਼ੁਲਮ ਦਾ ਹਾਲ ਕਿਉਂ ਨਹੀਂ
ਸਾਡੇ ਕੰਮ ਅਧੂਰੜੇ ਪਏ ਸਾਰੇ ' ਹੈ ਮਲੂਮ ਸਾਡੇ ਪਲੇ ਮਾਲ ਕਿਉਂ ਨਹੀਂ "
ਦੇਸ਼ੋਂ ਕਢੀਏ ਚਲਕੇ ਗੋਰਿਆਂ ਨੂੰ ' ਦੇਖੋ ਫੇਰ ਹੁੰਦੇ ਮਾਲਾ ਮਾਲ ਕਿਉਂ ਨਹੀਂ "
ਡੌਂਡੀ ਫੇਰੀਏ ਮੁਲਕ ਉਧਾਰ ਕਾਰਨ ' ਦਿਨਾਂ ਵਿਚ ਬਦਲੂ ਸਾਡਾ ਹਾਲ ਕਿਉਂ ਨਹੀਂ
ਗਦਰ ਕਰੀਏ ਚਲਕੇ ਮੁਲਕ ਅੰਦਰ ' ਦਿੰਦੇ ਦੇਸ਼ ਅੰਦਰ ਭਾਂਬੜੀ ਬਾਲ ਕਿਉਂ ਨਹੀਂ
ਸਭ ਛੀਨਕੇ ਡਿਉਟੀਆਂ ਵੰਡ ਦੇਈਏ ' ਕਰਦੇ ਪਾਂਬਰਾਂ ਦਾ ਮੰਦਾ ਹਾਲ ਕਿਉਂ ਨਹੀਂ "
ਫੌਜਾਂ ਵਾਲਿਉ ਕਾਸ ਨੂੰ ਡੇਰ ਲਾਈ ' ਦਿੰਦੇ ਜ਼ਾਲਮਾਂ ਦੀਆਂ ਸਫਾਂ ਗਾਲ ਕਿਉਂ ਨਹੀਂ
ਕਿਉਂ ਖਾਮੋਸ਼ ਬੈਠੇ ਆਉ ਮਰਨ ਵਾਲੇ ' ਸਾਡੇ ਦਿਲੀਂ ਆਜ਼ਾਦੀ ਦਾ ਖਿਆਲ ਕਿਉਂ ਨਹੀਂ
ਹੋਕਾ ਦੁਖੀ ਦੇਵੇ ਮੁਲਕ ਪੈ ਹਿੰਦ ਦਾ ' ਜਲਦੀ ਗੈਰ ਹਨ ਕਰਦੇ ਖੁਸ਼ੀ ਨਾਲ ਕਿਉਂ ਨਹੀਂ
ਖਾੜ੍ਹਕੇ ਦੇਸ਼ ਦੀ ਝੂਟ ਗਏ ਫਾਂਸੀਆਂ ਤੇ ' ਗੁਸੇ ਨਾਲ ਹੁੰਦੇ ਚੇਹਰੇ ਲਾਲ ਕਿਉਂ ਨਹੀਂ "
ਏਸੇ ਝੂੰ ਪੰਜਾਬ ਦਾ ਰਾਜ ਦਿਤਾ ' ਦਗੇਬਾਜ਼ ਦੀ ਸਮਝਦੇ ਚਾਲ ਕਿਉਂ ਨਹੀਂ "
ਬਾਰ ਬਾਰ ਏਹ ਗਦਰ ਦੀ ਬੇਨਤੀ ਹੈ ' ਲੈਂਦੇ ਆਪਣਾ ਮੁਲਕ ਸੰਭਾਲ ਕਿਉਂ ਨਹੀਂ

---

ਚੰਗਾ ਵਕਤ ਹੈ ਗਦਰ ਮਚਾਵਣੇ ਦਾ ' ਹਿੰਦੋਸਤਾਨੀਓ ਡੇਰੀਆਂ ਲਾਈਆਂ ਕਿਉਂ "
ਬੜੇ ਸ਼ਾਨ ਤੇ ਮਾਨ ਗੁਮਾਨ ਵਾਲੇ ' ਛਟੱ ਚੁਕਦੇ ਫਿਰੋ ਪਰਾਈਆਂ ਕਿਉਂ "
ਲੜਨ ਮਰਨ ਤੋਂ ਜੇ ਕਰਾਂ ਖੌਫ ਆਵੇ ' ਐਂਵੇਂ ਦਿਤੀਆਂ ਗਦਰ ਨੂੰ ਸਾਈਆਂ ਕਿਉਂ "
ਖਾਕੇ ਰੁਖੀਆਂ ਰੋਟੀਆਂ ਮਸਤ ਹੋ ਰਿਹੇ ' ਝੋਕਾਂ ਅਸਲੀਆਂ ਦੇ ਵਾਂਗ ਲਾਈਆਂ ਕਿਉਂ "
ਫੌਜਾਂ ਵਾਲਿਉ ਤੁਸਾਂ ਦੀ ਮਤ ਮਾਰੀ ' ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ "
ਬੁਰੀ ਹੈ ਕਰੀ ਨਰਕ ਤੇ ਕੌਣ ਸਿਆਣੇ ' ਜਾਣ ਬੁਝਕੇ ਬੇੜੀਆਂ ਪਾਈਆਂ ਕਿਉਂ "
ਵੈਰੀ ਤੁਸਾਂ ਦਾ ਪੈ ਗਿਆ ਵਿਚ ਯੂਰਪ ' ਵੇਲਾ ਸਾਂਭ ਲੋ ਦੇਰੀਆਂ ਲਾਈਆਂ ਕਿਉਂ

Sri Satguru Jagjit Singh Ji eLibrary NamdhariElibrary@gmail.com

## ਕਾਫੀ ਛੰਦ

ਗਦਰ ਪਾਰਟੀ ਬੀੜਾ ਚੁਕਿਆ ਹਿੰਦ ਆਜ਼ਾਦ ਕਰਾਵਨ ਦਾ ।
ਆਓ ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਫੌਜ ਬਥੇਰੀ ਪਾਸ ਅਸਾਡੇ ਭਾਈ ਸਾਡੇ ਬੇੜਿਆਂ ਮੇਂ ।
ਨਾਮ ਕਟੇ ਤੇ ਕਈ ਰਜ਼ਰਵੀਏ ਵਸਦੇ ਨਗਰ ਖੇੜਿਆਂ ਮੇਂ ॥
ਲੋਕ ਹਿੰਦ ਦੇ ਬੜੇ ਸੁਦਾਈ ਫਸ ਗਏ ਮਜ਼ਹਬੀ ਝੇੜਿਆਂ ਮੇਂ ।
ਰਾਜਨੀਤ ਦਾ ਪਤਾ ਨਾਂ ਕੋਈ ਝਗੜਨ ਪਏ ਬਖੇੜਿਆਂ ਮੇਂ ॥
ਟੁਕੜੇ ਤੋਂ ਸਭ ਭੁਖੇ ਮਰਦੇ ਫਿਕਰ ਸੁਰਗ ਨੂੰ ਜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਹਿੰਦੂ ਸਿੱਖ ਮੁਸਲਮਾਨ ਸਾਰੇ ਇਕੋ ਕੌਮ ਅਸਾਡੀ ਹੈ ।
ਏਹ ਬਦਮਾਸ਼ ਚਾਲਾਕ ਫਰੰਗੀ ਸਭ ਨੂੰ ਕੀਤਾ ਫਾੜੀ ਹੈ ॥
ਆਪਸ ਵਿਚ ਇਤਫਾਕ ਨਾਂ ਕੀਤਾ ਵਡੀ ਭੁਲ ਅਸਾਡੀ ਹੈ ।
ਟਰਕੀ, ਚੀਨ, ਮਿਸਰ, ਤੇ ਕਾਬਲ, ਜਰਮਨ, ਭੀ ਵਲ ਸਾਡੀ ਹੈ ॥
ਆਓ! ਕਠੇ ਹੋਕੇ ਲੜੀਏ ਵੇਲਾ ਹੈ ਮਿਲ ਜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਮੰਦਰ ਅਤੇ ਮਸੀਤਾਂ ਵਿਚੋਂ ਚੰਗੇ ਲੋਕ ਨਿਕਾਲੇ ਜੀ ।
ਗੁਰੂਦਵਾਰੇ ਵੇਚਣ ਵਾਲੇ ਭਾਈ ਦਿਲ ਦੇ ਕਾਲੇ ਜੀ ॥
ਰਾਏ ਬਹਾਦਰ, ਖਾਨ ਬਹਾਦਰ, ਬਾਂਦਰ ਪੂਛਾਂ ਵਾਲੇ ਜੀ ।
ਖੁਫੀਆ ਦੇਸ਼ ਘਾਤ ਓਹ ਕਰਦੇ ਸਾਡੇ ਜੋ ਰਖਵਾਲੇ ਜੀ ॥
ਇਹਨਾਂ ਪਾਪੀ ਲੋਕਾਂ ਕੋਲੋਂ ਫਿਕਰ ਕਰੋ ਬਚ ਜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਕੌਮੀ ਸੇਵ ਕਦੇ ਨਾਂ ਕਰਦੇ ਜੋ ਇਜ਼ਤ ਦੇ ਭੁਖੇ ਜੀ ।
ਗਲਾਂ ਥੀ ਘਰ ਪੂਰਾ ਕਰਦੇ ਵਿਚੋਂ ਗੈਹਿਰੇ ਰੁਖੇ ਜੀ ॥
ਕੰਮਕਾਰ ਨੂੰ ਜੀ ਨਾਂ ਕਰਦਾ ਤੀਰ ਚਲਾਵਣ ਸੁਕੇ ਜੀ ।
ਇਹਨਾਂ ਕੋਲੋਂ ਬਚਣਾਂ ਯਾਰੋ ਏਹ ਸ਼ਕਾਰੀ ਕੁਤੇ ਜੀ ॥
ਉਹਨਾਂ ਕੌਮੀ ਕੰਮ ਕੀ ਕਰਨਾਂ ਫਿਕਰ ਜਿਨਾਂ ਫੜੇ ਜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥

Sri Satguru Jagjit Singh Ji eLibrary NamdhariElibrary@gmail.com

ਲੀਡਰ ਬਣਕੇ ਇਜ਼ਤ ਲੋੜੂੰਦੇ ਕੌਮੀ ਸੇਵਾ ਕਰਦੇ ਨਾਂ ।
ਡਾਕੂ ਸਾਨੂੰ ਲੁਟੀ ਜਾਂਦੇ ਰਾਖੀ ਸਾਡੀ ਕਰਦੇ ਨਾ ॥
ਆਪ ਬਹਾਰਾਂ ਲੁਟੱਣ ਬੈਠੇ ਫਿਕਰ ਉਨਾਂ ਨੂੰ ਘਰਦੇ ਨਾਂ ।
ਸਚੱੀ ਸੇਵਾ ਕਰਨ ਨਾਂ ਦਿੰਦੇ ਪਾਜ ਹੋਕੇ ਮਰਦੇ ਨਾਂ ॥
ਉਲਟਾ ਮਰਜ਼ ਉਨਾਂ ਨੂੰ ਜਗੱਾਂ ਟੰਗਾਂ ਵਿਚੋਂ ਅੜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਜਾਨ ਪਯਾਰੀ ਕਰੋ ਨਾਂ ਸ਼ੇਰੋ ਇਕੱ ਦਿਨ ਨਿਕਲ ਜਾਣੀ ਹੈ ।
ਜਿਨਾਂ ਕੌਮੀ ਸੇਵਾ ਕਰਨੀ ਮਿਲਣਾਂ ਪਦੱ ਨਿਰਬਾਣੀ ਹੈ ॥
ਦੁਨੀਆਂ ਵਿਚੱ ਨਾਂ ਝੰਡਾ ਸਾਡਾ ਅੱਖੀ ਸਾਡੀ ਕਾਣੀ ਹੈ ।
ਦੁਨੀਆਂ ਦੇ ਵਿਚੱ ਨਾਲ ਅਸਾਡੇ ਹੁੰਦੀ ਕੁੱਤੇ ਖਾਣੀ ਹੈ ॥
ਤਨੱ ਮਨੱ ਧਨੱ ਸਭ ਵਾਰੋ ਜੇਕਰ ਸ਼ੌਕ ਨਸ਼ਾਨ ਚੜ੍ਹਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਸ਼ਾਹੂਕਾਰ ਗੁਲਾਮੀ ਅੰਦਰ ਜੈਸੇ ਕੀੜਾ ਮੋਰੀ ਦਾ ।
ਸੇਵਾ ਖਾਤ੍ਰ ਕੁਝ ਨਾਂ ਦੇਂਦਾ ਘੁਟੱ ਲਿਆ ਮੂੰਹ ਬੋਰੀ ਦਾ ॥
ਗਦਰ ਪਾਰਟੀ ਲੇਖਾ ਲੈਣਾਂ ਕੌਮ ਨਹੀਂ ਕੋਈ ਚੋਰੀ ਦਾ ।
ਰਲ ਮਿਲ ਸਾਰੇ ਕਰੋ ਖਾਤਮਾਂ ਕੌਮ ਫਰੰਗੀ ਗੋਰੀ ਦਾ ॥
ਸ਼ਾਹੂਕਾਰੋ ਰਲ ਮਿਲ ਕੇ ਏਹ ਸਾਂਝਾ ਕੰਮ ਚਲਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਦੁਸ਼ਮਣ ਸਾਡਾ ਯੂਰਪ ਦੇ ਵਿਚੱ ਫਸਿਆ ਫਾਹੀ ਡਾਢੀ ਹੈ ।
ਜਰਮਨ ਸ਼ੇਰ ਖੜਾ ਹੈ ਘੇਰੀ ਹੁਣ ਤਾਂ ਢਿਲੱ ਅਸਾਡੀ ਹੈ ॥
ਅਗੇ ਜਿਤੱ ਹਮੇਸ਼ਾ ਕਰਦਾ ਹੁਣ ਤਾਂ ਜ਼ਾਲਮ ਫਾਡੀ ਹੈ ।
ਛੇਤੀ ਹਿੰਮਤ ਕਰੋ ਹਿੰਦੀਓ ਹੁਣ ਤਾਂ ਕਸਰ ਤੁਸਾਡੀ ਹੈ ॥
ਹਥੋਂ ਹਥੀਂ ਫੜ ਲੋ ਸ਼ੇਰੋ ਵੇਲਾ ਢਿਲੱ ਨਾਂ ਲਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਵੇਲਾ ਨਹੀਂ ਖੁੰਜਾਵਨ ਦਾ ॥
ਪਹਿਲਾਂ ਗਦਰ ਪਰਟੀ ਸਾਰੇ ਦੇਸ਼ ਵਿਚੱ ਪ੍ਰਚਾਰ ਕਰੇ ।
ਖੁਲਮ ਖੁਲਾ ਪ੍ਰਜਾ ਤਾਈਂ ਚੋਰਾਂ ਥੀਂ ਹੁਸ਼ਿਆਰ ਕਰੇ ॥
ਡਾਕੇ ਮਾਰ ਡਾਕੂਆਂ ਉਤੇ ਕਠੇ ਭੀ ਹਥੱਯਾਰ ਕਰੇ ।
ਜੈਸਾ ਜੈਸਾ ਮੌਕਾ ਦੇਖੇ ਸਾਰਾ ਕਾਰ ਵਿਹਾਰ ਕਰੇ ॥

Sri Satguru Jagjit Singh Ji eLibrary NamdhariElibrary@gmail.com

ਸੁਤੀ ਪ੍ਰਜਾ ਜਾਗ ਪਈ ਜਦ ਅਗੇ ਕੌਮ ਚਲਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਦਾਣਾਂ ਫਕਾ ਬੰਦ ਕਰੋ ਹੁਣ ਇੰਗਲੈਂਡ ਨੂੰ ਜਾਵਨ ਤੇ ।
ਕਣਕ ਟੇਸ਼ਨਾਂ ਉਤੇ ਜੇਹੜੀ ਹੋ ਜਾਓ ਅਗ ਲਗਾਵਨ ਤੇ ॥
ਰੇਲਾਂ ਤਾਰਾਂ ਕਟ ਦਿਓ ਹੁਣ ਹੋ ਜਾਓ ਪੁਲਾਂ ਨੂੰ ਢਾਵਨ ਤੇ ।
ਰਾਤ ਬਰਾਤੇ ਅਗੇ ਪਿਛੇ ਹੋ ਜਾਓ ਦਾਉ ਲਗਾਵਨ ਤੇ ॥
ਪੁਲਸ ਫੌਜ ਜੇ ਅਗੇ ਆਵੇ ਕੌਮ ਕਰੋ ਸਮਝਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਧੋਖੇ ਬਾਜ਼ ਫਰੰਗੀ ਦੁਨੀਆਂ ਉਪਰ ਜਾਲ ਵਛਾਇਆ ਹੈ ।
ਹੁਣ ਤਾਂ ਮੁਸ਼ਕਲ ਬਣ ਗਈ ਸਿਰ ਤੇ ਬੌਹਤਾ ਹੀ ਘਬ੍ਰਾਇਆ ਹੈ ॥
ਮੱਥਾ ਲੱਗਾ ਨਾਲ ਜਰਮਨੀ ਹੁਣ ਕਿਓਂ ਮੂੰਹ ਕੁਮਲਾਇਆ ਹੈ ।
ਸਾਰੀ ਬੰਦ ਤਜਾਰਤ ਹੋ ਗਈ ਸਾਸ ਲਬਾਂ ਤੇ ਆਇਆ ਹੈ ॥
ਹੁਣ ਨਾਂ ਪੇਸ਼ ਕੋਈ ਭੀ ਜਾਂਦੀ ਢੰਗ ਨਹੀਂ ਬਚ ਜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਐਸਾ ਮੌਕਾ ਹਥ ਨਾਂ ਔਣਾਂ ਵੇਲਾ ਹੈ ਹੁਸ਼ਿਆਰੀ ਦਾ ।
ਦੁਸ਼ਮਣ ਫਸਿਆ ਵਿਚ ਕੁੜਿੱਕੀ ਮੌਕਾ ਗਦਰ ਤਿਆਰੀ ਦਾ ॥
ਪਤਲਾ ਕਰੋ ਸ਼ਤਾਬੀ ਸ਼ੇਰੋ ਮਨਤਰ ਏਸ ਮਦਾਰੀ ਦਾ ।
ਅਖੀਂ ਘਟਾ ਪਾ ਨਾਂ ਜਾਵੇ ਬਚਣਾਂ ਦਾਓ ਕੀ ਵਾਰੀ ਦਾ ॥
ਏਸ ਕੌਮ ਨੂੰ ਸ਼ਰਮ ਨਾਂ ਕੋਈ ਕਰਦੇ ਢੰਗ ਫਸਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਛੇਤੀ ਹੀ ਸਭ ਦੁਨੀਆਂ ਅੰਦਰ ਜੰਗ ਬੜਾ ਮਚ ਜਾਵੇਗਾ ।
ਜੇਹੜਾ ਕਰੂ ਤਿਆਰੀ ਨਾਂ ਓਹ ਆਪਣਾਂ ਨਾਸ਼ ਕਰਾਵੇਗਾ ॥
ਸਾਰੀ ਉਮਰ ਗੁਲਾਮੀ ਅੰਦਰ ਝੁਰ ਝੁਰ ਜਾਨ ਗਵਾਵੇਗਾ ।
ਸਭੇ ਹੀ ਦੁਰਕਾਰਨ ਉਸਨੂੰ ਬੁਜ਼ਦਿਲ ਨਾਮ ਧਰਾਵੇਗਾ ॥
ਏਸ ਗੁਲਾਮੀ ਨਾਲੋਂ ਯਾਰੋ ਕੌਮ ਚੰਗਾ ਮਰ ਜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਵਿਚ ਗੁਲਾਮੀ ਜੀਊਂਦੇ ਰੈਹਣਾਂ ਏਹ ਮਰਦਾਂ ਦੀ ਕਾਰ ਨਹੀਂ ।
ਐਸਾ ਫੇਰ ਤੁਸਾਨੂੰ ਮੁੜਕੇ ਔਣਾਂ ਹਥ ਸ਼ਿਕਾਰ ਨਹੀਂ ॥

Sri Satguru Jagjit Singh Ji eLibrary NamdhariElibrary@gmail.com

ਮਰਦ ਗ਼ਜਰੇ ਵਿੱਚ ਮੈਦਾਨੀ ਝੂੰਡੇ ਲਿਆਹ ਪਾਰ ਨਹੀਂ
ਜਾਨ ਪਿਆਰੀ ਕੋਰੇ ਨਾਂ ਸ਼ੇਰ ਇਸਦਾ ਕੁਝ ਇਤਬਾਰ ਨਹੀਂ
ਆਓ! ਵਿੱਚ ਮੈਦਾਨੀ ਗਜੀਏ ਵੇਲਾ ਪਿਛੰ ਨਾਂ ਜਾਵਨਦਾ
ਆਓ! ਸ਼ੇਰ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨਦਾ

## ਕਬਿਤ

ਚੀਜ਼ ਕੀ ਜਹਾਨ ਦੀ ਜੋ ਲੋੜ ਸਾਨੂੰ ਪਾਨ ਦੀ ਹੈ ।
ਦੇਸ਼ ਵਿੱਚ ਜਾਕੇ ਪ੍ਰਚਾਰ ਨੂੰ ਵਧਾਨ ਦੀ ॥
ਕੁਲ ਦੇਸ਼ ਵਾਸੀਆਂ ਦੇ ਦਿਲ ਵਿੱਚ ਪਾਓ ਗੱਲ ।
ਹੋਊਗੀ ਤਿਆਰੀ ਝਟ ਜੰਗ ਦੇ ਮਚਾਨ ਦੀ ॥
ਪਾਇਦੇ ਆਜ਼ਾਦੀ ਪੈਹਿਲੇ ਕਢੋ ਦੇਈਏ ਬਾਂਦਰਾਂ ਨੂੰ ।
ਹੋਵੇਗੀ ਅਸਾਡੀ ਬਾਦਸ਼ਾਹੀ ਸ਼ਾਨ ਮਾਨ ਦੀ ॥
ਹੋਵੇਗੀ ਤੁਰੱਕੀ ਪਿਛੋਂ ਬੈਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੨

ਵਿਦਿਆ ਵਧੇਰੀ ਵਧ ਜਾਏਗੀ ਆਜ਼ਾਦੀ ਹੋਇਆਂ
ਕਿਸੇ ਨਾਂ ਮਜਾਲ ਫੇਰ ਸਾਨੂੰ ਅਟਕਾਨ ਦੀ ॥
ਵਸੇ ਰਸੇ ਹਮੇਸ਼ਾ ਤਾਂ ਸਾਰਾ ਹੀ ਆਜ਼ਾਦ ਹਿੰਦ ।
ਰੈਹਸੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ ॥
ਬਚੇਂ ਅਤੇ ਔਰਤਾਂ ਨਾਂ ਸਾਨੂੰ ਕੋਈ ਰੋਕ ਸਕੂ ।
ਪ੍ਰਗਟੋ ਲੋੜ ਪੈਹਿਲਾਂ ਹਿੰਦ ਦੇ ਨਸ਼ਾਨ ਦੀ ॥
ਹੋਵੇਗੀ ਤੁਰੱਕੀ ਪਿਛੋਂ ਬੈਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੩

ਚਾਰਾਂ ਬਚਾਂ ਦੇਸ਼ ਦਾ ਜੋ ਰਖੇ ਹਥਿਆਰ ਪਾਸ ।
[illegible] ॥

Sri Satguru Jagjit Singh Ji eLibrary NamdhariElibrary@gmail.com

ਮੂਰਖ ਨਾਂ ਕੋਈ ਹੋਵੇ ਸਭੇ ਵਿਦਵਾਨ ਹੋਵਨ ।
ਸਭੇ ਧਨ ਵਾਨ ਲੋੜ ਕਿਸੇ ਨਾਂ ਦੁਗਾਨ ਦੀ ॥
ਹੀਰਾ ਹਿੰਦ ਸਾਡਾ ਸਾਰੇ ਦੇਸ਼ਾਂ ਤੋਂ ਉਚੇਰਾ ਯਾਰੋ ।
ਇਤਾ ਹਥ ਏਹ ਫਰੰਗੀਆਂ ਦੇ ਗਲ ਵਢੀ ਹਾਨਦੀ ॥
ਹੋਵੇਗੀ ਤੁਰਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ ।
ਕਰ ਲੋ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੪

ਅਸੀਂ ਦੂਰ ਕਰਾਂਗੇ ਸ਼ਤਾਬੀ ਏਹਨਾਂ ਬਾਂਦਰਾਂ ਨੂੰ ।
ਕੋਈ ਨਾਂ ਮਜਾਲ ਸਾਡੇ ਦੇਸ਼ ਪੈਰ ਪਾਨਦੀ ॥
ਸਾਡੀ ਤਾਂ ਆਬਾਦੀ ਅਜੇ ਤੀਸ ਹੈ ਕਰੋੜ ਭਾਈ ।
ਥੋੜੀ ਸੀ ਆਬਾਦੀ ਤੇ ਆਜ਼ਾਦੀ ਹੈ ਜਾਪਾਨ ਦੀ ॥
ਉਠੋ! ਬੀਰ ਹਿੰਦੀਓ ਸ਼ਤਾਬੀ ਵੇਲਾ ਆਣ ਪੌਹੁਚਾ ।
ਯੂਰਪ ਦੇ ਵਿਚ ਫੌਜ ਫਸੀ ਬੇਈਮਾਨ ਦੀ ॥
ਹੋਵੇਗੀ ਤੁਰਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ ।
ਕਰ ਲੋ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੫

ਭੁਲੇ ਭੋਲੇ ਹਿੰਦੀ ਕਾਲਾ ਨਾਗ ਗੋਦ ਪਾਲਿਓ ਨੇ ।
ਖੰਡ ਵਿਚ ਜ਼ੈਹਿਰ ਪੀਤਾ ਸੰਗ ਜਿਓਂ ਕੁਸੰਗੀ ਦਾ ॥
ਮਾਲ ਤੇ ਮੁਲਕ ਸਾਰਾ ਖੁਸਾ ਘਰ ਬਾਰ ਸਾਥੋਂ ।
ਹੋਗਏ ਗੁਲਾਮ ਫਲ ਮਿਲਿਆ ਖਾਨਾਂ ਜੰਗੀ ਦਾ ॥
ਦਰੋ ਦਰ ਭੁਖੇ ਅਸੀਂ ਰੁਲਦੇ ਜਹਾਨ ਵਿਚ ।
ਪਾਇਆ ਫਲ ਪਾਜੀਆਂ ਮੁਰਾਦ ਮੂੰਹੋਂ ਮੰਗੀ ਦਾ ॥
ਤੋੜ ਕੇ ਗੁਲਾਮੀ ਕਦੇ ਸ਼ਾਹਿਨ ਸ਼ਾਹ ਕਹਾਏ ਦੇਖੋ ।
ਕਰੋ ਬੀਜ ਨਾਸ਼ ਏਸ ਜ਼ਾਲਮ ਫਰੰਗੀ ਦਾ ॥

੬

ਮਕੜੀ ਦਾ ਜਾਲ ਤੇ ਵਿਛਾਇਆ ਏਨਾਂ ਜ਼ਾਲਮਾਂ ਨੇ ।
ਕੀਤਾ ਹੈ ਗੁਲਾਮ ਵਾਰ ਚਲਿਆ ਫਰੰਗੀ ਦਾ ॥
ਕਦੋਂ ਤਕ ਨਿਭੇਗੀ ਦੀਵਾਨਿਆਂ ਦੇ ਨਾਲ ਯਾਰੋ ।
[illegible] ਦੇ ਏਸ ਚਰ ਰੰਗੀ [illegible]

Sri Satguru Jagjit Singh Ji eLibrary NamdhariElibrary@gmail.com

ਕੰਗਲੇ ਕਮੀਨੇ ਬਦਮੁਆਸ਼ਾਂ ਨਾਲ ਪਾਲਾ ਪਾਇਆ ।
ਸੁੱਖ ਤੇ ਆਰਾਮ ਹੋਇਆ ਸੁਫਨਾ ਮਲੰਗੀ ਦਾ ॥
ਵੇਲਾ ਹੈ ਸੰਭਾਲੋ ਉੱਠ ਆਪਣਾ ਮੁਲਕ ਪਿਆਰੇ ।
ਕਰੋ ਬੀਜ ਨਾਸ ਏਸ ਜ਼ਾਲਮ ਫਰੰਗੀ ਦਾ ॥

## ਕੋਰੜਾ ਛੰਦ

ਹਿੰਦ ਦੇ ਸਪੂਤੋ ਕਰੋ ਧਿਆਨ ਜੀ । ਲੁੱਟ ਕੇ ਤੇ ਹਿੰਦ ਕੀਤਾ ਹੈ ਵੈਰਾਨ ਜੀ ॥
ਤੁਸਾਂ ਵਿੱਚ ਪਾ ਕੇ ਵੀਰੋ ਖਾਨਾਂ ਜੰਗੀਆਂ ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਹਿੰਦੂ ਮੁਸਲਮਾਨ ਅਤੇ ਸਿੱਖ ਸੂਰਮੇਂ । ਕੁੱਟ ਕੇ ਬਣਾਓ ਵੈਰੀਆਂ ਦੇ ਚੂਰਮੇਂ ॥
ਫੜ ਲੋ ਸ਼ਤਾਬੀ ਹਥੀਂ ਤੇਗਾਂ ਨੰਗੀਆਂ ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸਾਡੇ ਵਿਚੋਂ ਕਈ ਕੁੱਤੇ ਸੁਕਾਰਦੇ । ਆਪੇ ਵਿਚੋਂ ਅਸਾਂ ਨੂੰ ਲੜਾ ਕੇ ਮਾਰਦੇ ॥
ਪੈਹਿਲੇ ਤੁਸੀਂ ਓਨਾਂ ਦੀਆਂ ਪਾਲੋ ਵੰਡੀਆਂ ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਰਾਜਪੂਤੋ! ਲਾਜ ਨੂੰ ਤੁਸੀਂ ਗੁਆਓ ਨਾਂ । ਭਾਰਤ ਦੇ ਪੁਤ੍ਰਾਂ ਨੂੰ ਦਾਗ ਲਾਓ ਨਾਂ ॥
ਮਾਰ ਕੇ ਮੁਕਾਓ ਦਗੇ ਬਾਜ ਢੰਗੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਿਓਂ ਨਾ ਸਿੱਖ ਸੂਰਮੇ ਮੈਦਾਨੀ ਗਜਦੇ । ਕਿਓਂ ਨਾ ਪੀ ਕੇ ਰੱਤ ਗੋਰਿਆਂ ਦੀ ਰਜਦੇ ॥
ਕੱਢ ਦਿਓ ਲੜਾਈ ਦੀਆਂ ਲਾਲ ਝੰਡੀਆਂ ਖਾਲਿਆ ਮੁਲਕ ਲੁੱਟ ਕੇ ਫਰੰਗੀਆਂ
ਹਿੰਦੀਓ! ਕਰੋੜ ਤੁਸੀਂ ਤੇਤੀ[੩੩] ਵਸਦੇ । ਚਾਰ[੪] ਏਹ ਕਰੋੜ ਹੈ ਫਰੰਗੀ ਦਸਦੇ ॥
ਅੱਠ ਅੱਠ ਇਕ ਦੀਆਂ ਪਾਲੋ ਵੰਡੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਇੱਕ ਲੱਖ ਸਾਰਾ ਹੈ ਫਰੰਗੀ ਹਿੰਦ ਮੇਂ । ਗਲਾਂ ਦੇਖ ਤੁਸਾਂ ਦਾ ਏਹ ਜਾਣ ਬਿੰਦ ਮੇਂ
ਦੂਰ ਤਰਦੇਂ ਹੋਣ ਪਰੰਦੀਆਂ ਤੰਗੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸੁਖਾਂ ਵਾਲੀ ਫੌਜ ਜੇ ਕਰ ਚਾਹੋ ਮਾਨਣੀ ਜ਼ਾਲਮ ਫਰੰਗੀ ਦੀ ਤਾਂ ਹਿੱਕ ਫਾਨਣੀ
ਏਨਾਂ ਨੂੰ ਉੜਾਓ ਨਾਲ ਤੋਪਾਂ ਭੰਗੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਰਕੇ ਗਦਰ ਏਨਾਂ ਨੂੰ ਕਰੋ ਖਾਂ ਦੂਰ ਜੀ । ਮੋਗਰੇ ਦੇ ਵਾਂਗ ਇੱਟ ਜਿਵੇਂ ਚੂਰ ਜੀ ॥
ਬਾਂਦਰਾਂ ਦੇ ਵਾਂਗ ਏਹ ਚੜ੍ਹੇ ਦੇਂਦੇ ਟੱਪੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਉਠੋ ਸੂਰ ਬੀਰੋ ਨਹੀਂ ਵੇਲਾ ਸੌਣ ਦਾ । ਧਾਰ ਲੋ ਇਰਾਦਾ ਯੁਧ ਨੂੰ ਮਚੌਣ ਦਾ ॥
ਪੈਣ ਡੂੰਗੇ ਵੈਣ ਮੇਮਾਂ ਹੋਣ ਰੰਡੀਆਂ । ਖਾਲਿਆ ਮੁਲਕ ਲੁੱਟ ਕੇ ਫਰੰਗੀਆਂ

Sri Satguru Jagjit Singh Ji eLibrary NamdhariElibrary@gmail.com

## ਬੈਂਤ

ਹਿੰਦੋਸਤਾਨੀਓਂ ਢਿੱਲ ਨਾਂ ਕਰੋ ਵੀਰੋ । ਛੇਤੀ ਕਰੋ ਹੁਣ ਗਦਰ ਮਚਾਨ ਵਾਲੀ "
ਗਿਆ ਵਕਤ ਨਾਂ ਆਵਣਾ ਹੱਥ ਵੀਰੋ । ਚੰਗੀ ਗੱਲ ਨਾਂ ਫੇਰ ਪਸ਼ਤਾਨ ਵਾਲੀ "
ਪੈਹਿਲਾਂ ਗਦਰ ਪ੍ਰਚਾਰ ਦੀ ਲੋੜ ਸਾਨੂੰ । ਪਿਛੋਂ ਦੂਸ੍ਰ ਕੰਮ ਕਮਾਨ ਵਾਲੀ "
ਫੌਜਾਂ ਵਿਚ ਪ੍ਰਚਾਰ ਦੀ ਲੋੜ ਛੇਤੀ । ਕਰੋ ਆਪਣੇ ਸਾਥ ਮਲਾਨ ਵਾਲੀ "
ਪਿੰਡਾਂ ਵਿਚ ਪ੍ਰਚਾਰ ਦੀ ਲੋੜ ਸਾਨੂੰ । ਨਾਲੇ ਗਦਰ ਦੀ ਗੂੰਜ ਸੁਣਾਨ ਵਾਲੀ "
ਜਦੋਂ ਖਬ੍ਰ ਹੋਈ ਲੋਕਾਂ ਸਾਰਿਆਂ ਨੂੰ । ਫੇਰ ਕੋਈ ਨਾਂ ਗੱਲ ਛੁਪੈਨ ਵਾਲੀ "
ਫੇਰ ਤੋਪ ਬੰਦੂਕ ਦੀ ਲੋੜ ਸਾਨੂੰ । ਗੋਲੇ ਸੁੱਟ ਕੇ ਕਿਲੇ ਉਡੈਨ ਵਾਲੀ "
ਫੌਜ ਗੋਰਿਆਂ ਦੀ ਓਥੇ ਬੌਹਤ ਥੋੜੀ । ਬੌਹਤ ਫੌਜ ਸਾਡੀ ਹਿੰਦੋਸਤਾਨ ਵਾਲੀ
ਨਾਮ ਕਟੋਂ ਰਜ਼ਰਵੀਏ ਕਰੋ ਅਕਠੇ । ਨਵੀਂ ਹੋਰ ਭਰਤੀ ਨੌਜਵਾਨ ਵਾਲੀ "
ਜਿਨਾਂ ਫੌਜ ਅੰਦ੍ਰ ਅੱਗੇ ਕੰਮ ਕੀਤਾ । ਓਨਾਂ ਖਬ੍ਰ ਬੰਦੂਕ ਚੁਰਾਨ ਵਾਲੀ "
ਅਕੱਠੇ ਕਰਨ ਹਥਿਆਰ ਉਹ ਅਕਲ ਸੇਤੀ । ਸਚੀ ਗੱਲ ਨਾਂ ਏਥੇ ਸੁਣਾਨ ਵਾਲੀ "
ਕਾਬੂ ਕਰਨ ਪੈਹਿਲਾਂ ਜੇਹੜੇ ਤੋਪਖਾਨੇ । ਅਤੇ ਕਿਲੇ ਭੀ ਕਰਨ ਦਬੈਨ ਵਾਲੀ "
ਜੇਹੜਾ ਕਿਲ੍ਹਾ ਨਾਂ ਅਸਾਂ ਦੇ ਹੱਥ ਆਵੇ । ਦੂਰ ਦੂਰ ਕਰੀਏ ਘੇਰਾ ਪਾਨ ਵਾਲੀ "
ਫੌਜ ਆਪਣੀ ਦਾ ਬਾਹਰੋਂ ਲਾ ਪੈਹਿਰਾ । ਰਸਦ ਬੰਦ ਕਰੀਏ ਅੰਦ੍ਰ ਜਾਣ ਵਾਲੀ
ਗੋਰੇ ਮਰਨ ਭੁਖੇ ਆਪੇ ਕਿੱਲੇ ਅੰਦ੍ਰ । ਸਾਨੂੰ ਲੋੜ ਨਾਂ ਤੋਪ ਚਲਾਣ ਵਾਲੀ "
ਤਾਰਾਂ ਕਟ ਕੇ ਖਬ੍ਰ ਨੂੰ ਬੰਦ ਕਰੀਏ । ਖਬ੍ਰ ਨਿਕਲੇ ਨਾਂ ਬੇਈਮਾਨ ਵਾਲੀ "
ਹਿੰਦੂ ਸਿੱਖ ਮੁਸਲਮਾਨ ਹੋਏ ਕਠੇ । ਜੰਗ ਕਰ ਦਿਓ ਬੜੇ ਘਮਸਾਨ ਵਾਲੀ "
ਬਸਤੀ ਤੀਹ ਕਰੋੜ ਨਾਂ ਖਤਮ ਹੋਸੀ । ਹੋਵੇ ਜੰਗ ਜੇ ਬੜੇ ਘਮਸਾਨ ਵਾਲੀ "
ਸੌਹਾ ਮਾਰਨਾਂ ਗੋਰਿਆਂ ਨਾਲ ਹੁਣ ਤਾਂ । ਨਹੀਂ ਲੋੜ ਬੰਦੂਕ ਚਲਾਨ ਵਾਲੀ "
ਜਾਲਮ ਚਾਰ ਚੁਫੇਰਿਓਂ ਘੇਰਿਆ ਹੈ । ਦਿਸੇ ਰਾਹ ਨਹੀਂ ਨਿਕਲ ਜਾਣ ਵਾਲੀ "
ਟੁਰਕੀ, ਅਰਬ, ਫਾਰਸ ਕਾਬਲ ਮਿਸ੍ਰ ਪਜੇ ਫੌਜ ਤਿਆਰ ਬ੍ਰਤਿਆਰ ਅਫਗਾਨ ਵਾਲੀ
ਸਿਆਚੀਨ ਵਾਲੇ ਜੇ ਕਰ ਕਰਨ ਹਿੰਮਤ । ਹਾਂਗ ਕਾਂਗ ਨੂੰ ਸਾਥ ਮਲਾਣ ਵਾਲੀ
ਸਿੰਘਾਪੁਰ ਅੰਦ੍ਰ ਸਾਡਾ ਤੋਪਖਾਨਾ । ਕਾਫੀ ਫੌਜ ਹੈ ਯੁੱਧ ਮਚਾਨ ਵਾਲੀ "
ਗੋਰੇ ਲੂਣ ਸਮਝੇ ਸਾਡੇ ਵਿਚ ਆਟੇ । ਉਠੀ ਫੌਜ ਜਦੋਂ ਹਿੰਦੋਸਤਾਨ ਵਾਲੀ
ਜੇ ਕਰ ਅਜੇ ਭੀ ਵਕਤ ਸੰਭਾਲਿਓ ਨਾਂ । ਮਿਟੀ ਖੁਆਰ ਹੋਸੀ ਹਿੰਦੋਸਤਾਨ ਵਾਲੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

PLEASE DO NOT REMOVE
CARDS OR SLIPS FROM THIS POCKET

UNIVERSITY OF TORONTO LIBRARY

PK Ghadara dī gūñja
2656
G44
v.2

Sri Satguru Jagjit Singh Ji eLibrary NamdhariElibrary@gmail.com